# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 02 ਮਈ 2024 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਓਨਟਾਰੀਓ ਫਰੈਂਡਜ਼ ਕਲੱਬ, ਕਨੇਡਾ ਨੇ ਪਟਿਆਲਾ ਵਿਖੇ ਹੋਈ ਕੋਰ ਕਮੇਟੀ ਦੀ ਮੀਟਿੰਗ

### 2024 ਲਈ ਨਿਰਧਾਰਤ ਪ੍ਰੋਗਰਾਮਾਂ ਦੀ ਸੂਚੀ ਜਾਰੀ ਕੀਤੀ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ





ਚੰਡੀਗੜ੍ਹ, 2 ਮਈ : ਓੰਟਾਰੀਓ ਫਰੈਂਡਸ ਕਲੱਬ ਕਨੇਡਾ ਦੇ ਚੇਅਰਮੈਨ ਰਵਿੰਦਰ ਸਿੰਘ ਕੰਗ ਅਤੇ ਡਾਕਟਰ ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੀ ਅਗਵਾਈ ਹੇਠ ਕੋਰ ਕਮੇਟੀ ਦੇ ਮੈਂਬਰਾਂ ਦੀ ਪਟਿਆਲਾ ਵਿਖੇ ਅਪ੍ਰੈਲ 28, 2024 ਨੂੰ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਅਹਿਮ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਪੂਰੇ ਸਾਲ ਦੇ ਆਫਲਾਈਨ ਪ੍ਰੋਗਰਾਮ ਮਿਥੇ ਗਏ। ਡਾਕਟਰ ਪ੍ਰਿਤਪਾਲ ਸਿੰਘ ਨੇ ਪੰਜਾਬੀ ਅਤੇ ਪੰਜਾਬੀਅਤ ਦੇ ਪ੍ਰਚਾਰ ਪ੍ਰਸਾਰ ਵਾਰੇ ਵਿਸਥਾਰ ਨਾਲ ਆਪਣੇ ਵਿਚਾਰ ਪੇਸ਼ ਕੀਤੇ । ਡਾਕਟਰ ਦਵਿੰਦਰ ਸਿੰਘ ਵਾਈਸ ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਕਨੇਡਾ ਦੀ ਫੇਰੀ ਤੇ ਹੋਣ ਕਾਰਨ ਉਹਨਾਂ ਵੱਲੋਂ ਖੁਸ਼ ਧਾਲੀਵਾਲ ਰੀਸਰਚ ਐਸੋਸੀਏਟ, ਗੁਰੂ ਨਾਨਕ ਚੇਅਰ ਨੇ ਨਮਿੰਦਗੀ ਕੀਤੀ। ਇਸ ਮੀਟਿੰਗ ਵਿੱਚ ਕੰਵਲਦੀਪ ਕੌਰ , ਕੈਲਾਸ ਠਾਕਰ ਅਮਨਦੀਪ ਕੌਰ ਕੰਗ ਨੇ ਆਪਣਾ ਅਹਿਮ ਰੋਲ ਨਿਭਾਇਆ। ਉਮੇਸ਼ ਕੁਮਾਰ ਅਤੇ ਬ੍ਰਿਜ਼ਇੰਦਰ ਨੇ ਆਪਣੇ – ਆਪਣੇ ਅਣਮੁੱਲੇ ਵਿਚਾਰਾਂ ਦੀ ਸਾਂਝ ਪਾਈ। ਡਾਕਟਰ ਕਰਮਜੀਤ ਸਿੰਘ ,ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਟੈਲੀਫੋਨ ਰਾਹੀਂ ਆਪਣੇ ਵਿਚਾਰ ਦੱਸਦੇ ਹੋਏ ਓਐਫਸੀ ਦਾ ਸਾਥ ਦੇਣ ਦੀ ਸਹਿਮਤੀ ਦਿੱਤੀ।

## ਪੁਸਤਕ ਸੱਭਿਆਚਾਰ ਦੀ ਉਸਾਰੀ ਲਈ ਦੇਸ਼ ਬਦੇਸ਼ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਲੋਕ ਲਹਿਰ ਉਸਾਰਨ ਦੀ ਲੋੜ— ਡਾ. ਸ ਪ ਸਿੰਘ

### ਗੁਰਭਜਨ ਗਿੱਲ ਦੀਆਂ ਪੰਜਾਹ ਸਾਲ ਦੌਰਾਨ ਲਿਖੀਆਂ ਗ਼ਜ਼ਲਾਂ ਦਾ ਸੰਗ੍ਰਹਿ "ਅੱਖਰ ਅੱਖਰ" ਦਾ ਦੂਜਾ ਐਡੀਸ਼ਨ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼





ਲੁਧਿਆਣਾ 2 ਮਈ : ਪੁਸਤਕ ਸੱਭਿਆਚਾਰ ਦੀ ਉਸਾਰੀ ਲਈ ਦੇਸ਼ ਬਦੇਸ਼ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਲੋਕ ਲਹਿਰ ਉਸਾਰਨ ਦੀ ਲੋੜ ਹੈ। ਅੱਜ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਕਾਲਿਜ ਦੇ ਪੁਰਾਣੇ ਵਿਦਿਆਰਥੀ ਅਤੇ ਪੰਜਾਬੀ ਕਵੀ ਗੁਰਭਜਨ ਗਿੱਲ ਦੀਆਂ 1973 ਤੋਂ ਲੈ ਕੇ 2023 ਤੀਕ ਪੰਜਾਹ ਸਾਲਾਂ ਦੌਰਾਨ ਲਿਖੀਆਂ ਗ਼ਜ਼ਲਾਂ ਦੇ ਸੰਗ੍ਰਹਿ "ਅੱਖਰ ਅੱਖਰ" ਲੋਕ ਅਰਪਣ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਕਾਲਿਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਸ ਪ ਸਿੰਘ ਸਿੰਘ ਨੇ ਇਹ ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਇਸੇ ਕਾਲਿਜ ਵਿੱਚ ਗੁਰਭਜਨ ਗਿੱਲ ਦਾ ਇਹ ਵੱਡ ਆਕਾਰੀ ਗ਼ਜ਼ਲ ਸੰਗ੍ਰਹਿ ਲੋਕ ਅਰਪਣ ਕੀਤਾ ਸੀ। ਤਸੱਲੀ ਦੀ ਗੱਲ ਇਹ ਹੈ ਕਿ ਪੰਜ ਸੌ ਕਿਤਾਬਾਂ ਦਾ ਪਹਿਲਾ ਸੰਸਕਰਣ ਪਾਠਕਾਂ ਨੇ ਖ਼ਰੀਦਿਆ ਤੇ ਪੜ੍ਹਿਆ ਹੈ। ਇਸ ਦਾ ਦੂਜਾ ਸੰਸਕਰਣ ਪਹਿਲਾਂ ਨਾਲੋਂ ਵੀ ਸੁੰਦਰ ਛਪਿਆ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਸਰੋਕਾਰਾਂ ਨੂੰ ਪਹਿਲੇ ਦਿਨੋਂ ਪ੍ਰਣਾਇਆ ਮੇਰਾ ਵਿਦਿਆਰਥੀ ਗੁਰਭਜਨ ਗਿੱਲ ਲਗਾਤਾਰ ਸਿਰਜਣਸ਼ੀਲ ਅਤੇ ਸਰਗਰਮ ਕਲਮ-ਕਾਮਾ ਹੈ।

ਪੁਸਤਕ ਬਾਰੇ ਪ੍ਰੋ. ਰਵਿੰਦਰ ਭੱਠਲ ਸਾਬਕਾ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਲੋਕ ਵਿਰਾਸਤ ਅਕਾਡਮੀ, ਡਾ. ਤੇਜਿੰਦਰ ਕੌਰ ਸਹਾਇਕ ਪ੍ਰੋਫੈਸਰ ਪੰਜਾਬੀ ਵਿਭਾਗ ਤੇ ਤ੍ਰੈਲੋਚਨ ਲੋਚੀ ਨੇ ਵੀ ਮੁੱਲਵਾਨ ਟਿੱਪਣੀਆਂ ਕੀਤੀਆਂ।

ਇਸ ਮੌਕੇ ਗੁਰਭਜਨ ਗਿੱਲ ਨੇ ਆਪਣੀਆਂ ਚੋਣਵੀਂ ਗ਼ਜ਼ਲਾਂ ਸੁਣਾਈਆਂ ਤੇ ਕਿਹਾ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਨੇ ਹੀ ਮੈਨੂੰ ਸਾਹਿੱਤ ਸਿਰਜਣਾ ਦੇ ਮਾਰਗ ਤੇ ਤੋਰਿਆ ਅਤੇ ਲਗਾਤਾਰ ਰਾਹ ਦਿਸੇਰਾ ਬਣ ਕੇ ਸਾਥ ਦਿੱਤਾ ਹੈ। ਉਨ੍ਹਾ ਆਪਣੇ ਮਾਪਿਆਂ, ਵੱਡੀ ਭੈਣ ਮਨਜੀਤ ਕੌਰ ਵੜੈਚ , ਵੱਡੇ ਭਰਾਵਾਂ ਪ੍ਰਿੰ. ਜਸਵੰਤ ਸਿੰਘ ਗਿੱਲ ਤੇ ਪ੍ਰੋ. ਸੁਖਵੰਤ ਸਿੰਘ ਗਿੱਲ ਤੇ ਆਪਣੇ ਘਰ ਪਰਿਵਾਰ ਦਾ ਪੋਤਰੀ ਅਸੀਸ ਕੌਰ ਗਿੱਲ ਸਮੇਤ ਸਭ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਮੇਰੀ ਸਿਰਜਣਾ ਨੂੰ ਹਰ ਸਮੇਂ ਨਵੇਂ ਉਸ਼ਾਹ ਨਾਲ ਭਰਪੂਰ ਕੀਤਾ। ਇਸ ਪੁਸਤਕ ਵਿੱਚ ਪੰਜ ਸਾਲਾਂ ਦੀ ਬਾਲੜੀ ਅਸੀਸ ਕੌਰ ਗਿੱਲ ਦਾ ਬਣਾਇਆ ਇੱਕ ਰੇਖਾਂਕਣ ਵੀ ਸ਼ਾਮਿਲ ਹੈ।

ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਰੇਡੀਉ ਰੈੱਡ ਐੱਫ ਐੱਮ ਦੇ ਮੁੱਖ ਪੇਸ਼ਕਾਰ ਤੇ ਕੈਨੇਡਾ ਦੀ ਬਰਾਡਕਾਸਟਿੰਗ ਦੁਨੀਆਂ ਦੇ ਸ਼ਾਹ ਅਸਵਾਰ ਹਰਜਿੰਦਰ ਥਿੰਦ ਨੇ ਕਿਹਾ ਕਿ ਅਸੀਂ ਗੌਰਮਿੰਟ ਕਾਲਿਜ ਪੜ੍ਹਨ ਵੇਲੇ ਦੇ ਮਿੱਤਰ ਹਾ ਅਤੇ ਪੰਜਾਹ ਸਾਲਾਂ ਤੋਂ ਹੀ ਪੰਜਾਬ ਅਤੇ ਬਦੇਸ਼ਾਂ ਵਿੱਚ ਵੀ ਮਿਲਦੇ ਵਰਤਦੇ ਰਹੇ ਹਾਂ। ਸਰੀ ਵਿੱਚ ਪੰਜਾਬੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਤੇ ਉਥੇ ਸੁੱਖੀ ਬਾਠ ਤੋਂ ਪੰਜਾਬ ਭਵਨ ਬਣਵਾਉਣ ਵਿੱਚ ਗੁਰਭਜਨ ਗਿੱਲ ਦਾ ਯੋਗਦਾਨ ਇਤਿਹਾਸ ਚੇਤੇ ਰੱਖੇਗਾ।

ਹਿਊਸਟਨ(ਅਮਰੀਕਾ) ਤੋਂ ਆਏ ਕਾਰੋਬਾਰੀ ਤੇ ਅਦਬ ਨਵਾਜ਼ ਸ. ਰਘੁਬੀਰ ਸਿੰਘ ਘੁੰਨ ਨੇ ਕਿਹਾ ਕਿ ਮੈਂ ਇਸ ਕਾਲਿਜ ਵਿੱਚ ਵਿਸ਼ੇਸ਼ ਮਹਿਮਾਨ ਬਣ ਕੇ ਨਹੀ ਆਇਆ ਸਗੋਂ ਸ਼ੁਕਰਾਨਾ ਕਰਨ ਆਇਆ ਹਾਂ ਕਿ ਪੰਜਾਬ ਦੇ ਪੇਂਡੂ ਬੱਚਿਆਂ ਨੂੰ ਇਸ ਕਾਲਿਜ ਨੇ ਨਵੇਂ ਸੁਪਨੇ ਲੈਣ ਦੀ ਜਾਚ ਸਿਖਾਈ। ਮੇਰਾ ਮਿੱਤਰ ਗੁਰਭਜਨ ਗਿੱਲ ਵੀ ਇਸੇ ਕਾਲਿਜ ਵਿੱਚੋਂ ਗਰੈਜੂਏਸ਼ਨ ਕਰਕੇ ਸਾਡੇ ਨਾਲ ਗੌਰਮਿੰਟ ਕਾਲਿਜ ਲੁਧਿਆਣਾ ਵਿੱਚ ਪੜ੍ਹਨ ਆਇਆ ਸੀ। ਸਾਡੀ ਸਾਂ ਝ ਵੀ ਪੰਜਾਹ ਸਾਲ ਲੰਮੀ ਹੈ, ਪੁਰਾਣੀ ਨਹੀਂ।

ਉਨ੍ਹਾਂ ਕਿਹਾ ਕਿ ਮੈਂ ਇਸ ਪੁਸਤਕ ਦੀਆਂ ਦੋ ਸੌ ਕਾਪੀਆਂ ਅਮਰੀਕਾ ਮੰਗਵਾ ਰਿਹਾ ਹਾਂ ਤਾਂ ਜੋ ਆਪਣੇ ਸੰਪਰਕ ਵਾਲੇ ਸਾਹਿੱਤ ਦੇ ਕਦਰਦਾਨਾਂ ਨੂੰ ਚੰਗਾ ਸਾਹਿੱਤ ਪੜ੍ਹਨ ਨੂੰ ਮਿਲੇ। ਮੇਰੇ ਲਈ ਤਸੱਲੀ ਵਾਲੀ ਗੱਲ ਹੈ ਕਿ ਇਹ ਕਿਤਾਬ ਮੈਂ ਆਪਣੇ ਸਵਰਗੀ ਮਾਤਾ ਜੀ ਸਰਦਾਰਨੀ ਪ੍ਰੀਤਮ ਕੌਰ ਜੀ ਦੀ ਯਾਦ ਵਿੱਚ ਵੰਡ ਰਿਹਾ ਹਾਂ।

ਇਸ ਮੌਕੇ ਉਨ੍ਹਾਂ ਕਾਲਿਜ ਦੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੇ ਵਿਕਾਸ ਲਈ ਇੱਕ ਲੱਖ ਰੁਪਏ ਭੇਜਣ ਦਾ ਵੀ ਕਿਹਾ।

ਇਸ ਮੌਕੇ ਕਾਲਿਜ ਵੱਲੋਂ ਰਘੁਬੀਰ ਸਿੰਘ ਘੁੰਨ ਤੇ ਸ. ਹਰਜਿੰਦਰ ਸਿੰਘ ਥਿੰਦ ਨੂੰ ਸਨਮਾਨਿਤ ਕੀਤਾ ਗਿਆ।

ਕਲਿਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਆਏ ਲੇਖਕਾਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸੰਸਥਾ ਲਈ ਹਰ ਮੌਕੇ ਸਰਗਰਮੀ ਨਾਲ ਹਾਜ਼ਰ ਗੁਰਭਜਨ ਗਿੱਲ ਦੀ ਸਮੁੱਚੀ ਗ਼ਜ਼ਲ ਰਚਨਾ ਦਾ ਏਥੇ ਲੋਕ ਅਰਪਣ ਹੋਣਾ ਸਾਡੇ ਸਭ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਲਈ ਆਰਥਿਕ ਸਹਾਇਤਾ ਦੇਣ ਲਈ ਵੀ ਧੰਨਵਾਦ ਕੀਤਾ।

ਸਮਾਗਮ ਵਿੱਚ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ ਜੀ ਐੱਨ ਆਈ ਐੱਮ ਟੀ,ਡੀ ਏ ਵੀ ਵਿਦਿਅਕ ਸੰਸਥਾਵਾਂ ਦੇ ਲੰਮਾ ਸਮਾਂ ਕੌਮੀ ਡਾਇਰੈਕਟਰ ਰਹੇ ਡਾ. ਸਤੀਸ਼ ਸ਼ਰਮਾ, ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਪ੍ਰਸਿੱਧ ਸਿੱਖ ਚਿੰਤਕ ਡਾ. ਅਨੁਰਾਗ ਸਿੰਘ, ਜੁਝਾਰ ਟਾਈਮਜ਼ ਦੇ ਮੁੱਖ ਸੰਪਾਦਕ ਬਲਵਿੰਦਰ ਸਿੰਘ ਬੋਪਾਰਾਏ,ਪੰਜਾਬ ਖੇਤੀ ਯੂਨੀਵਰਸਿਟੀ ਦੇ ਡਾਇਰੈਕਟਰ ਵਿਦਿਆਰਥੀ ਭਲਾਈ ਡਾ. ਨਿਰਮਲ ਸਿੰਘ ਜੌੜਾ, ਪੰਜਾਬ ਦੇ ਡਿਪਟੀ ਡਾਇਰੈਕਟਰ (ਕਾਲਿਜਜ) ਡਾ. ਅਸ਼ਵਨੀ ਭੱਲਾ, ਡਾ. ਸੁਨੀਤਾ ਰਾਣੀ (ਖਰੜ)ਕੰਵਲਜੀਤ ਸਿੰਘ ਸ਼ੰਕਰ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਗੁਣਜੋਤ ਕੌਰ, ਡਾ. ਮਨਦੀਪ ਕੌਰ ਰੰਧਾਵਾ, ਡਾ. ਗੁਰਪ੍ਰੀਤ ਸਿੰਘ, ਡਾ. ਰਾਜਿੰਦਰ ਕੌਰ ਮਲਹੋਤਰਾ,ਰਾਜਿੰਦਰ ਸਿੰਘ ਸੰਧੂ ਤੇ ਕਈ ਹੋਰ ਸਾਹਿੱਤ ਪ੍ਰੇਮੀ ਹਾਜ਼ਰ ਸਨ।

## ਦਸਮੇਸ਼ ਮਿਸ਼ਨ ਸਕੂਲ ਹਰੀਨੌਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਜਿੱਤੇ ਮੈਡਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 2 ਮਈ : ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਸਿਲਵਰ ਜੋਨ ਓਲੰਪੀਅਡ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਵਿਸ਼ਿਆਂ ਦੀਆਂ ਪ੍ਰੀਖਿਆਵਾਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌਂ ਦੇ 10 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਿਲ ਕੀਤੇ ਹਨ। ਇਹਨਾਂ ਪ੍ਰੀਖਿਆਵਾਂ 'ਚ ਕੁੱਲ 23 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਸ ਤੋਂ ਬਿਨਾਂ 3 ਵਿਦਿਆਰਥੀਆਂ ਨੇ ਸਿਲਵਰ ਮੈਡਲ ਅਤੇ 2 ਵਿਦਿਆਰਥੀਆਂ ਨੇ ਕਾਂਸੀ ਦੇ ਤਮਗੇ ਹਾਸਲ ਕੀਤੇ। ਉਕਤ ਪ੍ਰੀਖਿਆਵਾਂ 'ਚ ਗੁਰਜੀਤ ਸਿੰਘ ਲੈਕਚਰਾਰ ਕੈਮਿਸਟਰੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਹਨਾਂ ਪ੍ਰਾਪਤੀਆਂ 'ਤੇ ਸਕੂਲ ਦੇ ਐਮ.ਡੀ. ਬਲਜੀਤ ਸਿੰਘ, ਡਾਇਰੈਕਟਰ/ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਮੈਡਮ ਸੋਮਾ ਦੇਵੀ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਉਹਨਾਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ 'ਚ ਭਾਗ ਲੈਣ ਨਾਲ ਵਿਦਿਆਰਥੀ ਭਵਿੱਖ 'ਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਸੰਪੂਰਨ ਤਿਆਰ ਹੁੰਦੇ ਹਨ।

## ਜਿਹੜਾ ਪਾਣੀ ਉੱਤੇ ਪੱਥਰਾਂ ਨੂੰ ਤਾਰਦਾ,ਤੈਨੂੰ ਕਿਉਂ ਨਾ ਤਾਰੂ ਬੰਦਿਆਂ,,,,,

### ਬੈਰਗਾਮੋ ਦੀ ਧਰਤੀ ਉੱਪਰ ਮਨਾਏ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ 2 ਰੋਜ਼ਾ ਆਗਮਨ ਪੁਰਬ ਮੌਕੇ ਆਇਆ ਸ਼ਰਧਾ ਤੇ ਸੰਗਤ ਦਾ ਹੜ੍ਹ,ਗੁਰੂ ਦੇ ਜੈਕਾਰਿਆਂ ਨਾਲ ਗੂੰਜਿਆ ਇਟਲੀ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ



ਬੈਰਗਾਮੋ, 2ਮਈ : ਸਮਾਜ ਵਿੱਚੋਂ ਭਰਮ ਭੁਲੇਖੇ ਅਤੇ ਅੰਧ-ਵਿਸ਼ਵਾਸ ਨੂੰ ਦੂਰ ਕਰਨ ਲਈ 14ਵੀਂ ਸਦੀ ਵਿੱਚ ਅਵਤਾਰ ਧਾਰਨ ਵਾਲੇ ਮਹਾਨ ਕ੍ਰਾਂਤੀਕਾਰੀ ,ਸ਼੍ਰੋਮਣੀ ਸੰਤ ਤੇ ਅਧਿਆਤਮਵਾਦੀ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ 647ਵੇਂ ਆਗਮਨ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਵਿਸ਼ਾਲ ਸਮਾਗਮ ਲੰਬਾਰਦੀਆਂ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਜਿਹੜਾ ਇਟਲੀ ਵਿੱਚ ਮਿਸ਼ਨ ਦਾ ਝੰਡਾ ਬੁਲੰਦ ਕਰਨ ਵਿੱਚ ਮੋਹਰੀ ਹੈ ਸ੍ਰੀ ਗੁਰੂ ਰਵਿਦਾਸ ਦਰਬਾਰ ਚੀਵੀਦੀਨੋ(ਬੈਰਗਾਮੋ)ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਧੂਮ-ਧਾਮ ,ਸ਼ਰਧਾ ਤੇ ਸ਼ਾਨੋ ਸ਼ੌਕਤ ਨਾਲ ਮਨਾਇਆ।ਜਿਸ ਵਿੱਚ ਇਟਲੀ ਭਰ ਤੋਂ ਸੰਗਤਾਂ ਨੇ ਵੱਡੇ ਹਜੂਮ ਵਿੱਚ ਹਾਜ਼ਰੀ ਭਰਦਿਆਂ ਭਗਤੀ ਲਹਿਰ ਦੀ ਵਿਲੱਖਣ ਮਿਸਾਲ ਪੇਸ਼ ਕੀਤੀ।2ਰੋਜ਼ਾ ਇਸ ਆਗਮਨ ਪੁਰਬ ਸਮਾਗਮ ਵਿੱਚ ਪਹਿਲੇ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੀ ਅੰਮ੍ਰਿਤਬਾਣੀ ਦੀ ਛੱਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਹੜਾ ਕਿ ਚੀਵੀਦੀਨੋ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ ਗੁਰਦੁਆਰਾ ਸਾਹਿਬ ਸੰਪੰਨ ਹੋਇਆ।ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਸਜਾਏ ਵਿਸ਼ਾਲ ਨਗਰ ਕੀਰਤਨ ਦੀਆਂ ਸੰਗਤਾਂ ਨੂੰ ਭਾਰਤ ਦੀ ਧਰਤੀ ਤੋਂ ਪਹੁੰਚੇ ਪ੍ਰਸਿੱਧ ਲੋਕ ਗਾਇਕ ਮਾਸ਼ਾ ਅਲੀ ਨੇ ਆਪਣੀ ਦਮਦਾਰ ਤੇ ਸੁਰੀਲੀ ਆਵਾਜ਼ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੀ ਮਹਿਮਾਂ ਦਾ ਗੁਣਗਾਨ ਕਰਦਿਆਂ ਸੰਗਤਾਂ ਨੂੰ "ਹਰਿ"ਦੇ ਨਾਮ ਦੀ ਲੋਰ ਵਿੱਚ ਸ਼ਰਧਾ ਤੇ ਸਮਰਪਣ ਦੀ ਲਹਿਰ ਵਿੱਚ ਝੂਮਲ ਲਗਾ ਦਿੱਤਾ।ਇਸ ਨਗਰ ਕੀਰਤਨ ਦੀਆਂ ਹਜ਼ਾਰਾਂ ਸੰਗਤਾਂ ਲਈ ਸੇਵਾਦਾਰਾਂ ਵੱਲੋਂ ਵੰਨ-ਸੁਵੰਨੇ ਅਤੁੱਟ ਲੰਗਰ ਵਰਤਾਏ ਗਏ।ਦੂਜੇ ਦਿਨ ਦੇ ਸਜੇ ਵਿਸ਼ਾਲ ਦੀਵਾਨਾਂ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ ਮਿਸ਼ਨ ਦਾ ਹੋਕਾ ਹਿੱਕ ਦੇ ਜ਼ੋਰ ਨਾਲ ਆਪਣੀ ਬੁਲੰਦ ਤੇ ਮਾਧੁਰ ਆਵਾਜ਼ ਵਿੱਚ ਦੁਨੀਆਂ ਦੇ ਕੋਨੇ-ਕੋਨੇ ਵਿੱਚ ਦੇਣ ਵਾਲੇ ਵਿਸ਼ਵ ਦੇ ਪ੍ਰਸਿੱਧ ਲੋਕ ਗਾਇਕ ਜਨਾਬ ਕਲੇਰ ਕੰਠ ਨੇ ਆਪਣੇ ਅਨੇਕਾਂ ਧਾਰਮਿਕ ਗੀਤਾਂ,"ਜਿਹੜਾ ਪਾਣੀ ਉੱਤੇ ਪੱਥਰਾਂ ਨੂੰ ਤਾਰਦਾ ਤੈਨੂੰ ਕਿਉਂ ਨਾ ਤਾਰੂ ਬੰਦਿਆਂ,ਮਨ ਸਾਫ਼ ਹੋਵੇ ਨਿੱਤਾਂ ਹੋਣ ਸੱਚੀਆਂ ਸਤਿਗੁਰੂ ਆਪ ਮਿਲਦੇ ਤੇ ਜਦੋਂ ਦੁਨੀਆਂ ਨੇ ਮੈਥੋਂ ਅੱਖ ਫੇਰੀ ਗੁਰਾਂ ਨੇ ਮੇਰੀ ਬਾਂਹ ਫੜ੍ਹ ਲਈ ਆਦਿ ਨਾਲ ਭਰਵੀਂ ਹਾਜ਼ਰੀ ਲੁਆਈ ਜਿਹਨਾਂ ਨੂੰ ਹਾਜ਼ਰੀਨ ਹਜ਼ਾਰਾਂ ਸੰਗਤਾਂ ਨੇ ਇੱਕ ਮਨ ਇੱਕ ਚਿੱਤ ਹੋ ਸੁਣਿਆ ਤੇ ਇਸ ਮੌਕੇ ਭਗਤੀ ਤੇ ਸ਼ਰਧਾ ਵਿੱਚ ਭਾਵੁਕ ਹੁੰਦਿਆਂ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ ਜੈਕਾਰੇ"ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ"ਨਾਲ ਸਾਰਾ ਸ਼ਹਿਰ ਬੈਰਗਾਮੋ ਗੂੰਜਣ ਲਗਾ ਦਿੱਤਾ।2 ਰੋਜ਼ਾ ਮਨਾਏ ਇਸ ਆਗਮਨ ਪੁਰਬ ਲਈ 96 ਆਖੰਡ ਜਾਪਾਂ ਦੀ ਲੜੀ ਦਾ ਪ੍ਰਵਾਹ ਚੱਲਿਆ ਜਿਹੜਾ ਕਿ 7 ਅਪ੍ਰੈਲ ਨੂੰ ਸ਼ੁਰੂ ਹੋਇਆ ਸੀ।ਜਿਹਨਾਂ ਨੂੰ ਨੇਪੜੇ ਚਾੜਨ ਵਿੱਚ ਭਾਈ ਅਮਨਦੀਪ ਕੁਮਾਰ ਮੁੱਖ ਗ੍ਰੰਥ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਚੀਵੀਦੀਨੋ ,ਰਜਿੰਦਰ ਸੁਮੰਨ,ਬੀਬੀ ਇਸ਼ਾ ਅਹੀਰ ਤੇ ਬੀਬੀ ਚਰਨਜੀਤ ਕੌਰ ਨੇ ਅਹਿਮ ਸੇਵਾ ਨਿਭਾਈ । ਇਸ ਸਮਾਗਮ ਦੌਰਾਨ ਸਰਬੱਤ ਦੇ ਭਲੇ ਲਈ ਉਚੇਚੇ ਤੌਰ ਤੇ ਹਰਿ ,ਇਟਾਲੀਅਨ ਤੇ ਸਾਂਤੀ ਦੇ ਝੰਡੇ ਵੀ ਚੜ੍ਹਾਏ ਗਏ।ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਨੇਪੜੇ ਚਾੜਨ ਲਈ ਕੁਲਵਿੰਦਰ ਕੁਮਾਰ ਕਿੰਦਾ ਮੁੱਖ ਸੇਵਾਦਾਰ ਤੇ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦੂਰ-ਦੁਰਾਡੇ ਤੋਂ ਆਈਆਂ ਸਭ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਮੂਹ ਸੇਵਾਦਾਰਾਂ ,ਲੋਕ ਗਾਇਕ ਮਾਸ਼ਾ ਅਲੀ ਤੇ ਜਨਾਬ ਕਲੇਰ ਕੰਠ ਦਾ ਵਿਸ਼ੇਸ ਸਨਮਾਨ ਕੀਤਾ।ਇਸ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਨੇ ਵੀ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

## ਖਾਲਸਾ ਪੰਥ ਸਿਰਜਣਾ ਦਿਵਸ ਤੇ ਡਾਕਟਰ ਬੀ ਆਰ ਅੰਬੇਦਕਰ ਜੈਅੰਤੀ ਨੂੰ ਸਮਰਪਿਤ ਰਹੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਸਾਧਾ ਸਿੰਘ



ਸੰਗਰੂਰ 2 ਮਈ : ਬੀਐਸਐਨਐਲ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਬੀਐਸਐਨਐਲ ਪਾਰਕ ਸੰਗਰੂਰ ਵਿਖੇ ਖ਼ਾਲਸਾ ਪੰਥ ਸਿਰਜਣਾ ਦਿਵਸ ਅਤੇ ਡਾਕਟਰ ਬੀਆਰ ਅੰਬੇਦਕਰ ਜੈਅੰਤੀ ਨੂੰ ਸਮਰਪਿਤ ਕੀਤੀ ਗਈ। ਸ਼ੁਰੂਆਤ ਵਿੱਛੜੀਆਂ ਰੂਹਾਂ ਸ਼੍ਰੀ ਸੁਖਦੇਵ ਸਿੰਘ ਬਸ਼ੋਆਨਾ ਦੇ ਛੋਟੇ ਸਪੁੱਤਰ,ਸ਼੍ਰੀ ਰਾਮ ਚੰਦਰ ਦਿੜ੍ਹਬਾ ਦੇ ਭਰਜਾਈ ਜੀ,ਸ਼੍ਰੀ ਨਿਖਿਲ ਸੂਰੀ ਦੇ ਪਿਤਾ ਜੀ,ਸ਼੍ਰੀ ਕਰਨੈਲ ਸਿੰਘ ਅਹਿਮਦਗੜ੍ਹ ਦੀ ਪੋਤਰੀ ਅਤੇ ਸ਼੍ਰੀ ਬਲਰਾਜ ਸਿੰਘ ਨਾਈਵਾਲਾ ਦੇ ਮਾਤਾ ਜੀ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ।ਇਸ ਮਹੀਨੇਂ ਜਨਮ ਦਿਨ ਅਤੇ ਵਿਆਹ ਸਾਲ ਗਿਰਾਹ ਵਾਲੇ ਸਾਥੀਆਂ ਨੂੰ ਤੋਹਫ਼ੇ ਦੇ ਕੇ ਸਨਮਾਣਿਤ ਕੀਤਾ ਗਿਆ। ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਨ ਵਾਲੇ ਸ਼੍ਰੀ ਐਸ ਐਚ ਗਰੇਵਾਲ Mangwal ਅਤੇ ਸ਼੍ਰੀ ਆਰ ਪੀ ਰਿਖੀ kalanwali ਜੀ ਦਾ ਨਿੱਘਾ ਸੁਆਗਤ ਕਰਦਿਆਂ ਸਨਮਾਣਿਤ ਕੀਤਾ ਗਿਆ। ਸ਼੍ਰੀ ਸ਼ਾਮ ਸੁੰਦਰ ਕੱਕੜ ਅਤੇ ਸ਼੍ਰੀ ਬਲਵੀਰ ਸਿੰਘ ਧੂਰੀ ਨੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਹਾਸਰਸੀ ਸ਼ੈਲੀ ਨਾਲ ਖੂਬ ਮਨੋਰੰਜਨ ਕੀਤਾ।ਸ਼੍ਰੀ ਇੰਦਰ ਪਾਲ ਸਿੰਘ ਨੇ ਆਪਣੇ ਬੇਟੇ ਦੇ ਵਿਆਹ ਦੀ ਖ਼ੁਸ਼ੀ ਵਿੱਚ ਮਿਠਾਈ ਵੰਡੀ।ਸ਼੍ਰੀ ਬਲਰਾਜ ਸਿੰਘ ਨਾਈਵਾਲਾ ਨੂੰ ਆਪਣੀ ਮਾਤਾ ਦੇ ਮਰਨ ਉਪਰੰਤ ਸਰੀਰ ਦਾਨ ਕਰਨ ਕਰਕੇ ਸਨਮਾਣਿਤ ਕੀਤਾ ਗਿਆ।ਸ਼੍ਰੀ ਸਾਧਾ ਸਿੰਘ ਵਿਰਕ ਨੇ ਕੋਰਟ ਵਿੱਚ ਚਲ ਰਹੇ ਕੇਸਾਂ ( ਪੈਨਸ਼ਨ ਰੇਵਿਜਨ, ਅਤੇ ਪੈਨਸ਼ਨ ਕਮੁਟੇਸ਼ਨ ਦੀ ਰਿਕਵਰੀ ਬਾਰੇ ਕੇਸ ਜਿਸ ਵਿੱਚ ਪਟੀਸ਼ਨ ਕਰਤਾਵਾਂ ਵੱਲੋਂ ਰਿਕਵਰੀ ਦੀ ਮਿਆਦ 15 ਸਾਲ ਤੋਂ 10 ਸਾਲ ਕਰਨ ਵਾਸਤੇ ਮੰਗ ਕੀਤੀ ਗਈ ਹੈ ਅਤੇ ਹੋਰ ਵਿਚਾਰ ਅਧੀਨ ਮਾਮਲਿਆਂ) ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸ਼੍ਰੀ ਵੀ ਕੇ ਮਿੱਤਲ, ਸ਼੍ਰੀ ਰਘਬੀਰ ਸਿੰਘ ਛਾਜਲੀ, ਸ਼੍ਰੀ ਪੀ ਕੇ ਗਰਗ ਅਤੇ ਸ਼੍ਰੀ ਮੋਹਿੰਦਰ ਸਿੰਘ ਚੌਧਰੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਿਛਲੇ ਸਮੇਂ ਦਰਮਿਆਨ ਸਰਕਲ ਸੈਕਟਰੀ ਸ਼੍ਰੀ ਜੀ ਐਸ ਬਾਜਵਾ ਦੇ ਇਕਤਰਫਾ ਰੋਲ ਬਾਰੇ ਜ਼ਿਕਰ ਕੀਤਾ ਅਤੇ ਮੀਟਿੰਗ ਵਿੱਚ ਹਾਜਰ ਸਮੂਹ ਪੈਨਸ਼ਨਰਾਂ ਨੇ ਧੂਰੀ ਵਿੱਚ ਹੋਣ ਵਾਲੀ 4 ਮਈ ਦੀ ਮੀਟਿੰਗ ਦੇ ਬਾਈਕਾਟ ਦਾ ਮਤਾ ਪਾਸ ਕੀਤਾ। ਅੰਤ ਵਿੱਚ ਸ਼੍ਰੀ ਪੀ ਸੀ ਬਾਘਾ ਨੇ ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਦੇ ਕਲਿਆਣ ਲਈ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਪਿਛਲੇ ਸਮੇਂ ਦਰਮਿਆਨ ਵਾਪਰੇ ਘਟਨਾਕ੍ਰਮ ਦੀ ਰੌਸ਼ਨੀ ਵਿੱਚ ਬਾਈਕਾਟ ਦੇ ਸੱਦੇ ਦੀ ਪ੍ਰੋੜਤਾ ਕੀਤੀ ਅਤੇ ਮੀਟਿੰਗ ਵਿੱਚ ਵੱਖ ਵੱਖ ਥਾਵਾਂ ਤੋਂ ਆਏ ਪੈਨਸ਼ਨਰਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ ਬਾਖੂਬੀ ਕੀਤਾ ਗਿਆ।

## ਸੈਂਟ ਜੇਵੀਅਰ ਸਕੂਲ ਪੱਕਾ ਕਲਾਂ ਦੇ ਵਿਦਿਆਰਥੀਆਂ ਨੇ ਲਗਾਤਾਰ ਤੀਸਰੀ ਵਾਰ ਕਰਾਟੇ ਚੈਂਪੀਅਨਸ਼ਿੱਪ ਵਿੱਚ ਮਾਰੀ ਬਾਜ਼ੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਸੰਗਤ ਮੰਡੀ 2 ਮਈ : ਨੇੜਲੇ ਪਿੰਡ ਪੱਕਾ ਕਲਾਂ ਵਿਖੇ ਰਿਫਾਇਨਰੀ ਰੋਡ ਤੇ ਸਥਿਤ ਸੈਂਟ ਜੇਵੀਅਰ ਸਕੂਲ ਦੇ ਵਿਦਿਆਰਥੀਆਂ ਨੇ ਪਠਾਣਕੋਟ ਵਿਖੇ ਹੋਈ ਕਰਾਟੇ ਚੈਂਪੀਅਨਸ਼ਿਪ ਵਿੱਚ ਤੀਸਰੀ ਵਾਰ ਭਾਗ ਲੈਂਦਿਆਂ ਜਿੱਤ ਦਰਜ ਕਰਕੇ ਆਪਣੇ ਸਕੂਲ ਅਤੇ ਆਪਣੇ ਜ਼ਿਲ੍ਹੇ ਬਠਿੰਡੇ ਦਾ ਨਾਮ ਰੋਸ਼ਨ ਕੀਤਾ ਪਠਾਣਕੋਟ ਵਿੱਚ ਹੋਈ ਇਸ ਕਰਾਟੇ ਚੈਂਪੀਅਨਸ਼ਿਪ ਵਿੱਚ ਪੰਜਾਬ ਹਿਮਾਚਲ ਜੰਮੂ ਕਸ਼ਮੀਰ ਦੇ ਲਗਭਗ 400 ਬੱਚਿਆਂ ਨੇ ਭਾਗ ਲਿਆ ਸਕੂਲ ਪ੍ਰਿੰਸੀਪਲ ਮਿਸਟਰ ਜੈਕਬ ਨੇ ਦੱਸਿਆ ਹੈ ਕਿ ਇਸ ਮੁਕਾਬਲੇ ਵਿੱਚ ਬਠਿੰਡਾ ਜ਼ਿਲ੍ਹੇ ਦੀ ਇਕੱਲੀ ਟੀਮ ਸੈਂਟ ਜੇਵਰ ਪੱਕਾ ਕਲਾਂ ਵੱਲੋਂ ਗਈ ਕਰਾਟੇ ਕੋਚ ਨਿਲੇਸ ਖੱਤਰੀ ਵੱਲੋਂ ਆਪਣੇ ਸਕੂਲ ਦੀ ਟੀਮ ਨੂੰ ਇਸ ਚੈਂਪੀਅਨਸ਼ਿਪ ਚੰਗਾ ਪ੍ਰਦਰਸ਼ਨ ਕਰਦਿਆਂ ਗੋਲਡ ਸਿਲਵਰ ਅਤੇ ਬਰਾਊਜ ਮੈਡਲ ਪ੍ਰਾਪਤ ਕੀਤੇ ਇਸ ਮੁਕਾਬਲੇ ਵਿੱਚ ਹਰਸੀਰਤ ਕੌਰ ਹਰਮਨਜੋਤ ਕੌਰ ਅਮਾਨਤ ਕੌਰ ਮਨਰੀਤ ਕੌਰ ਅਰਪਣ ਸਿੰਘ ਕਰਨਵੀਰ ਸਿੰਘ ਗੁਰਨੂਰ ਸਿੰਘ ਗੁਰਵਿੰਦਰ ਸਿੰਘ ਆਦਿ ਮਹਿਤਾਬ ਸਿੰਘ ਨੇ ਭਾਗ ਲਿਆ ਕੈਂਪ ਇੰਚਾਰਜ ਜਗਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਹ ਕਿ ਸਕੂਲ ਵੱਲੋਂ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਵੀ ਉਤਸਾਹਿਤ ਕੀਤਾ ਜਾਂਦਾ ਹੈ। ਪਿਛਲੇ ਸਾਲ ਸ਼ੁਰੂ ਹੋਏ ਇਲਾਕੇ ਦੇ ਇਹ ਸਕੂਲ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸਕੂਲ ਦੇ ਡਾਇਰੈਕਟਰ ਮਿਸਟਰ ਥਮਸ ਨੇ ਜੇਤੂ ਖਿਡਾਰੀਆਂ ਅਤੇ ਸਾਰੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਅਗਲੇ ਮੁਕਾਬਲੇ ਲਈ ਹੋਰ ਮਿਹਨਤ ਕਰਨ ਲਈ ਕਿਹਾ ਇਸ ਟੀਮ ਦੇ ਨਾਲ ਨਾਲ ਮੈਡਮ ਗੁਰਵਿੰਦਰ ਕੌਰ ਅਤੇ ਮੈਡਮ ਖੁਸ਼ੀ ਵੀ ਮੌਜੂਦ ਹਨ

ਵਰਲਡ ਪੰਜਾਬੀ ਟਾਈਮਜ਼ 02 ਮਈ 2024 ਦਿਨ ਵੀਰਵਾਰ

# ਏਸ਼ੀਅਨ ਯੂ-20 ਚੈਂਪੀਅਨਸ਼ਿਪ ’ਚ ਸਿਲਵਰ ਮੈਡਲ ਜਿੱਤਣ ਵਾਲੀ ਬੇਟੀ ਅਮਾਨਤ ਕੌਰ ਦਾ ਸਨਮਾਨ!

## *ਅਮਾਨਤ ਕੌਰ ਦੁਨੀਆਂ ਭਰ ਵਿੱਚ ਪੰਜਾਬ ਦਾ ਨਾਮ ਕਰੇਗੀ ਰੋਸ਼ਨ : ਸਪੀਕਰ ਸੰਧਵਾਂ!*

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 2 ਮਈ : ਵਰਤਮਾਨ ਸਮੇਂ ਵਿੱਚ ਧੀਆਂ ਵੀ ਪੁੱਤਰਾਂ ਦੀ ਤਰਾਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ, ਇਸ ਲਈ ਪੁੱਤਰਾਂ ਦੀ ਤਰਾਂ ਧੀਆਂ ਦਾ ਵੀ ਜਿੱਥੇ ਬਰਾਬਰ ਸਤਿਕਾਰ ਹੋਣਾ ਚਾਹੀਦਾ ਹੈ, ਉੱਥੇ ਸਮਾਜ ਵਿੱਚ ਧੀਆਂ, ਭੈਣਾ ਅਤੇ ਮਾਤਾਵਾਂ ਨੂੰ ਜੇਕਰ ਸਤਿਕਾਰ ਦੀ ਭਾਵਨਾ ਨਾਲ ਦੇਖਿਆ ਜਾਵੇਗਾਤਾਂ ਤੰਦਰੁਸਤ ਸਮਾਜ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਹੋਣੀ ਸੁਭਾਵਿਕ ਹੈ। ਜਿਲਾ ਫਾਜਿਲਕਾ ਦੇ ਨੇੜੇ ਪਿੰਡ ਆਲਮ ਸ਼ਾਹ ਦੀ ਵਸਨੀਕ ਖਿਡਾਰਨ ਅਮਾਨਤ ਕੌਰ ਕੰਬੋਜ ਵਲੋਂ ਦੁੱਬਈ ਵਿਖੇ ਹੋਈ ਏਸ਼ੀਅਨ ਯੂ-20 ਚੈਂਪੀਅਨਸ਼ਿਪ ਵਿੱਚ ਡਿਸਕਸ ਥ੍ਰੋਅ ਵਿੱਚ ਸਿਲਵਰ ਮੈਡਲ ਜਿੱਤਣ ਅਤੇ ਪੈਰਿਸ ਵਿੱਚ ਹੋਣ ਵਾਲੀ ਵਰਲਡ ਚੈਂਪੀਅਨਸ਼ਿਪ



ਲਈ ਕੁਆਲੀਫਾਈ ਹੋਣ ’ਤੇ ਖੁਸ਼ੀ ਪ੍ਰਗਟਾਉਂਦਿਆਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪਿੰਡ ਸੰਧਵਾਂ ਵਿਖੇ ਅਮਾਨਤ ਕੌਰ ਕੰਬੋਜ ਦਾ ਜਿੱਥੇ ਵਿਸ਼ੇਸ਼ ਸਨਮਾਨ ਕੀਤਾ, ਉੱਥੇ ਉਸਦੇ ਮਾਪਿਆਂ ਨੂੰ ਵੀ ਹੋਣਹਾਰ ਬੇਟੀ ਦੀ ਚੰਗੀ ਪ੍ਰਵਰਿਸ਼ ਬਦਲੇ ਉਹਨਾਂ ਦਾ ਧੰਨਵਾਦ ਵੀ ਕੀਤਾ ਤੇ ਮੁਬਾਰਕਬਾਦ ਵੀ ਦਿੱਤੀ। ਉਹਨਾਂ ਆਸ ਪ੍ਰਗਟਾਈ ਕਿ ਇਹ ਹੋਣਹਾਰ ਬੇਟੀ ਆਪਣੇ ਮਾਪਿਆਂ ਅਤੇ ਨਗਰ ਸਮੇਤ ਪੰਜਾਬ ਦਾ ਨਾਮ ਦੁਨੀਆਂ ਭਰ ਵਿੱਚ ਰੋਸ਼ਨ ਕਰੇਗੀ। ਸਪੀਕਰ ਸੰਧਵਾਂ ਨੇ ਦਾਅਵਾ ਕੀਤਾ ਕਿ ਦੇਸ਼ ਦੀ ਆਜਾਦੀ ਦੇ 75 ਸਾਲਾਂ ਬਾਅਦ ਪਹਿਲੀ ਵਾਰ 11 ਖਿਡਾਰੀਆਂ ਦੀ ਪੀਸੀਐੱਸ ਅਤੇ ਡੀਐੱਸਪੀ ਅਹੁਦਿਆਂ ’ਤੇ ਨਿਯੁਕਤੀ ਹੋਈ ਹੈ, ਜਿਸ ਦਾ ਸਿਹਰਾ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੂੰ ਜਾਂਦਾ ਹੈ। ‘ਖੇਡਾਂ ਵਤਨ ਪੰਜਾਬ ਦੀਆਂ’ ਦੀ ਸ਼ੁਰੂਆਤ ਮੌਕੇ 14 ਸਾਲ ਤੋਂ ਲੈ ਕੇ 65 ਸਾਲ ਤੋਂ ਵੱਧ ਉਮਰ ਦੇ ਖਿਡਾਰੀ ਸ਼ਾਮਲ ਕੀਤੇ ਗਏ ਹਨ ਅਤੇ ਲਗਭਗ 12 ਹਜਾਰ ਜੇਤੂ ਖਿਡਾਰੀਆਂ ਨੂੰ 8.97 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ ਹੈ। ਪੰਜਾਬ ਸਰਕਾਰ ਦੀਆਂ ਕੌਸ਼ਿਸ਼ਾਂ ਨਾਲ ਬੱਚਿਆਂ ਅਤੇ ਨੌਜਵਾਨਾ ਦਾ ਮਨੋਬਲ ਮਜਬੂਤ ਹੋਇਆ ਹੈ, ਕਿਉਂਕਿ ਮੈਡਲ ਜੇਤੂ ਖਿਡਾਰੀਆਂ ਲਈ ਵਿਸ਼ੇਸ਼ ਕਾਡਰ ਵਿੱਚ 500 ਅਹੁਦੇ ਰੱਖੇ ਗਏ ਅਤੇ ਪਹਿਲੀਵਾਰ ਖਿਡਾਰੀਆਂ ਵਾਂਗ ਕੋਚਾਂ ਤੇ ਪ੍ਰਮੋਟਰਾਂ ਲਈ ਵੀ ਐਵਾਰਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ‘ਖੇਡਾਂ ਵਤਨ ਪੰਜਾਬ ਦੀਆਂ’ ਵਿੱਚ ਨੌਜਵਾਨਾ ਦੀ ਸ਼ਮੂਲੀਅਤ ਵਧਾਉਣ ’ਤੇ ਜੋਰ ਦਿੱਤਾ ਗਿਆ ਹੈ, ਕਿਉਂਕਿ ਪੰਜਾਬ ਸਰਕਾਰ ਦਾ ਖੇਡਾਂ ਅਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਨਾਲ ਜੋੜਨ ਦਾ ਵਿਲੱਖਣ ਉਪਰਾਲਾ ਤੇ ਰਣਨੀਤੀ ਹੈ। ਕਰੀਬ 32 ਏਸ਼ੀਅਨ ਮੈਡਲ ਜੇਤੂਆਂ ਨੂੰ 29.35 ਕਰੋੜ ਰੁਪਏ, ਜਦਕਿ ਕੌਮੀ ਖੇਡਾਂ ਦੇ 136 ਮੈਡਲ ਜੇਤੂਆਂ ਨੂੰ 4.58 ਕਰੋੜ ਰੁਪਏ ਅਰਥਾਤ 168 ਖਿਡਾਰੀਆਂ ਨੂੰ 33.85 ਕਰੋੜ ਰੁਪਏ ਦੀ ਨਗਦ ਇਨਾਮ ਰਾਸ਼ੀ ਤਕਸੀਮ ਕੀਤੀ ਗਈ। ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਫਾਇਦਿਆਂ ਅਤੇ ਨੌਜਵਾਨਾ ਤੇ ਬੱਚਿਆਂ ਦੇ ਸੁੰਦਰ ਬਣਨ ਵਾਲੇ ਭਵਿੱਖ ਸਬੰਧੀ ਮੈਂ ਸਿਰਫ ਐਨਾ ਹੀ ਕਹਾਂਗਾ ਕਿ ਏਸ਼ੀਅਨ ਖੇਡਾਂ ਦੇ 32 ਖਿਡਾਰੀਆਂ ਨੂੰ 29.25 ਕਰੋੜ ਰੁਪਏ, ਬਰਮਿੰਘਮ ਕਾਮਨ ਵੈਲਥ ਗੇਮਜ਼ ਦੇ 23 ਖਿਡਾਰੀਆਂ ਨੂੰ 9.30 ਕਰੋੜ ਰੁਪਏ, ਖੇਡਾਂ ਵਤਨ ਪੰਜਾਬ ਦੀਆਂ ਸੀਜਨ-1 ਦੇ 9961 ਖਿਡਾਰੀਆਂ ਨੂੰ 6.85 ਕਰੋੜ, ਖੇਡਾਂ ਵਤਨ ਪੰਜਾਬ ਦੀਆਂ-2 ਦੇ 12 ਹਜਾਰ ਖਿਡਾਰੀਆਂ ਨੂੰ 8.97 ਕਰੋੜ, ਗੁਜਰਾਤ ਨੈਸ਼ਨਲ ਗੇਮਜ਼ ਦੇ 147 ਖਿਡਾਰੀਆਂ ਨੂੰ 5.43 ਕਰੋੜ, ਗੋਆ ਨੈਸ਼ਨਲ ਗੇਮਜ ਦੇ 136 ਖਿਡਾਰੀਆਂ ਨੂੰ 4.58 ਕਰੋੜ, 5 ਸਾਲ ਤੋਂ ਬਕਾਇਆ ਇਨਾਮੀ ਰਾਸ਼ੀ ਵਾਲੇ 1807 ਖਿਡਾਰੀਆਂ ਨੂੰ 5.94 ਕਰੋੜ ਰੁਪਏ ਅਤੇ ਏਸ਼ੀਅਨ ਗੇਮਜ ਦੀ ਤਿਆਰੀ ਲਈ 58 ਖਿਡਾਰੀਆਂ ਨੂੰ 4.64 ਕਰੋੜ ਅਰਥਾਤ ਕੁੱਲ 24164 ਖਿਡਾਰੀਆਂ ਨੂੰ 74.96 ਕਰੋੜ ਰੁਪਏ ਦੀ ਇਨਾਮ ਰਾਸ਼ੀ ਤਕਸੀਮ ਕੀਤੀ ਗਈ।

# ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਦਾ 12ਵੀਂ ਜਮਾਤ ਦਾ ਨਤੀਜਾ ਰਿਹਾ 100 ਫੀਸਦੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 2 ਮਈ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦਾ ਬਾਰਵੀਂ ਜਮਾਤ ਦਾ ਨਤੀਜਾ 100 % ਰਿਹਾ। ਸਕੂਲ ਵਿੱਚ ਆਰਟਸ, ਕਮਰਸ ਅਤੇ ਸਾਇੰਸ ਗਰੁੱਪਾਂ ਵਿੱਚ ਕੁੱਲ 84 ਵਿਦਿਆਰਥੀ ਅਪੀਅਰ ਹੋਏ। ਆਰਟਸ ਗਰੁੱਪ ਵਿੱਚ ਤਰਨਵੀਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੇ 91.2 %ਅੰਕ ਪ੍ਰਾਪਤ ਕਰਕੇ ਪਹਿਲਾ, ਜਸਪ੍ਰੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਨੇ 90.8 % ਅੰਕ ਪ੍ਰਾਪਤ ਕਰਕੇ ਦੂਜਾ ਅਤੇ ਲਛਮਣ ਸਿੰਘ ਪੁੱਤਰ ਸੁਖਮੰਦਰ ਸਿੰਘ ਨੇ 88.8 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਕਮਰਸ ਗਰੁੱਪ ਵਿੱਚ ਕਮਲਦੀਪ ਕੌਰ ਪੁੱਤਰੀ ਰੇਸ਼ਮ ਸਿੰਘ ਨੇ 94.4 % ਅੰਕ ਪ੍ਰਾਪਤ ਕਰਕੇ ਪਹਿਲਾ, ਸਿਮਰਨ ਕੌਰ ਪੁੱਤਰੀ ਗੁਰਨੈਬ ਸਿੰਘ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਜਸਪ੍ਰੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 92.2% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਸਾਇੰਸ ਗਰੁੱਪ ਵਿੱਚ ਜਸ਼ਨਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 96.8 % ਅੰਕ ਪ੍ਰਾਪਤ ਕਰਕੇ ਪਹਿਲਾ, ਰੀਤਇੰਦਰ ਕੌਰ ਪੁੱਤਰੀ ਗੁਰਜੀਤ ਸਿੰਘ ਨੇ 96.4 % ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਵਜੋਤ ਕੌਰ ਪੁੱਤਰੀ ਕਰਮਜੀਤ ਸਿੰਘ ਨੇ 94.6 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਦੱਸਿਆ ਕਿ ਕੁੱਲ 84 ਵਿਦਿਆਰਥੀਆਂ ਵਿੱਚੋਂ 17 ਵਿਦਿਆਰਥੀਆਂ ਨੇ 90 % ਤੋਂ ਉੱਪਰ ਅੰਕ ਹਾਸਿਲ ਕੀਤੇ ਅਤੇ 48 ਵਿਦਿਆਰਥੀਆਂ ਨੇ 80 % ਤੋਂ ਉੱਪਰ ਅੰਕ ਹਾਸਿਲ ਕੀਤੇ ਹਨ । ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਸ਼ਾਨਦਾਰ ਨਤੀਜਾ ਦਾ ਸਿਹਰਾ ਮਿਹਨਤੀ ਤੇ ਕਾਬਿਲ ਸਟਾਫ਼ ਨੂੰ ਜਾਂਦਾ ਹੈ ਅਤੇ ਉਹਨਾਂ ਨੇ ਪੁਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਬ੍ਰਿਜ ਮੋਹਨ ਸਿੰਘ ਜੀ, ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਅੰਜੂ ਸੇਠੀ ਜੀ, ਉਪ ਜਿਲ੍ਹਾ ਅਫ਼ਸਰਸੈਕੰਡਰੀ ਸ੍ਰੀ ਪਰਦੀਪ ਦਿਉੜਾ ਜੀ, ਉਪ ਜਿਲ੍ਹਾ ਅਫ਼ਸਰ ਐਲੀਮੈਂਟਰੀ ਸ੍ਰੀ ਪਵਨ ਕੁਮਾਰ ਅਤੇ ਜਿਲ੍ਹਾ ਮੀਡੀਆ ਕੋ-ਆਰਡੀਨੇਟਰ ਸ੍ਰੀ ਜਸਬੀਰ ਜੱਸੀ ਜੀ ਨੇ ਮਾਪਿਆਂ, ਵਿਦਿਆਰਥੀਆਂ ਅਤੇ ਸਕੂਲ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।



# ਡਾ. ਅਨੁਸ਼ਕਾ ਦੇ ਵਿਛੋੜੇ ’ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੁੱਜੇ ਸਪੀਕਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ , 2 ਮਈ : ਫਾਜ਼ਿਲਕਾ ਦੇ ਸਿਵਲ ਸਰਜਨ ਡਾ ਚੰਦਰ ਸ਼ੇਖਰ ਕੱਕੜ ਦੀ ਹੋਣਹਾਰ ਬੇਟੀ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਰਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਡਾਕਟਰ ਕੱਕੜ ਅਤੇ ਉਹਨਾਂ





ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਡਾ. ਅਨੁਸ਼ਕਾ ਦੀ ਯਾਦ ਮਨਾਂ ’ਚ ਹਮੇਸ਼ਾਂ ਬਰਕਰਾਰ ਰਹੇਗੀ। ਉਹਨਾਂ ਦੱਸਿਆ ਕਿ ਡਾ. ਅਨੁਸ਼ਕਾ ਐੱਮ.ਬੀ.ਬੀ.ਐੱਸ. ਦੀ ਪੜਾਈ ਪੂਰੀ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿੱਚ ਇੰਟਰਨਸ਼ਿਪ ਕਰ ਰਹੀ ਸੀ। ਉਹਨਾ ਦੱਸਿਆ ਕਿ ਡਾ. ਅਨੁਸ਼ਕਾ ਵਲੋਂ ਐੱਮ.ਡੀ. ਦੀ ਤਿਆਰੀ ਵੀ ਜਾਰੀ ਸੀ, ਸ਼ਾਇਦ ਪੜਾਈ ਨੂੰ ਲੈ ਕੇ ਉਸ ਉੱਪਰ ਕੋਈ ਤਣਾਅ ਸੀ, ਜਿਸ ਬਾਰੇ ਉਸ ਨੇ ਆਪਣੇ ਮਾਤਾ-ਪਿਤਾ ਨਾਲ ਕਦੇ ਵੀ ਗੱਲ ਸਾਂਝੀ ਨਹੀਂ ਕੀਤੀ। ਸਪੀਕਰ ਸੰਧਵਾਂ ਨੇ ਡਾ. ਅਨੁਸ਼ਕਾ ਦੇ ਇਸ ਤਰਾਂ ਅਚਾਨਕ ਵਿਛੋੜੇ ਤੋਂ ਬਾਅਦ ਇਲਾਕਾ ਵਾਸੀਆਂ ਵਲੋਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਤੋਂ ਇਲਾਵਾ ਕੁਝ ਪਰਿਵਾਰ ਦੇ ਨਜਦੀਕੀਆਂ ਵਲੋਂ ਸ਼ੋਸ਼ਲ ਮੀਡੀਏ ਰਾਹੀਂ ਦੁੱਖ ਪ੍ਰਗਟ ਕਰਨ ਦੇ ਢੰਗ ਤਰੀਕਿਆਂ ਦਾ ਜਿਕਰ ਕਰਦਿਆਂ ਆਖਿਆ ਕਿ ਡਾ. ਅਨੁਸ਼ਕਾ ਦੀ ਦੋਸਤ ਜੀਆ ਮੌਂਗਾ ਨੇ ਦੁੱਖ ਭਰੀ ਸ਼ਬਦਾਵਲੀ ਵਿੱਚ ਅੰਤ ’ਤੇ ਲਿਖਿਆ ਹੈ ਕਿ ਮਾਪੇ ਆਪਣੀਆਂ ਧੀਆਂ ਨੂੰ ਸਿਰਫ ਤੇ ਸਿਰਫ ਖੁਸ਼ ਦੇਖਣਾ ਚਾਹੁੰਦੇ ਹਨ। ਇਸੇ ਤਰਾਂ ਪਰਿਵਾਰ ਦੇ ਇਕ ਹੋਰ ਜਾਣਕਾਰ ਕੁਲਦੀਪ ਸਿੰਘ ਨੇ ਬੇਵੱਸ ਤੇ ਲਾਚਾਰ ਦੇਖਿਆ ਮੈਂ ਸ਼ਮਸ਼ਾਨ ’ਚ ਬਾਪ ਖੜਾ, ਧੀ ਦੀ ਲਾਸ਼ ਨੂੰ ਲਾਂਬੂ ਦਿੰਦਾ ਭੰਨਦਾ ਦੇਖਿਆ ਮੈਂ ਘੜਾ, ਵਾਲੀ ਕਵਿਤਾ ਰੂਪੀ ਸ਼ਬਦਾਵਲੀ ਨੂੰ ਪੜ੍ਹ ਕੇ ਪੱਥਰ ਦਿਲ ਵੀ ਪਿਘਲ ਜਾਂਦੇ ਹਨ। ਅਰਥਾਤ ਅੱਖਾਂ ’ਚੋਂ ਅੱਥਰੂ ਪਰਲ-ਪਰਲ ਵਹਿ ਤੁਰਦੇ ਹਨ।

# ਪੀਂਘਾਂ ਸੋਚ ਦੀਆਂ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਪਿੰਦਰ ਕੌਰ ਗਿੱਲ ਸ਼ਾਮਲ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ

## ਔਰਤਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰਨਾ ਅਤੇ ਔਰਤਾਂ ਨੂੰ ਸਵੈ ਨਿਰਭਰ ਬਣਾਉਣਾ ਮੇਰਾ ਮੁੱਖ ਉਦੇਸ਼- ਰਸ਼ਪਿੰਦਰ ਕੌਰ ਗਿੱਲ

ਵਰਲਡ ਪੰਜਾਬੀ ਟਾਈਮਜ਼

ਮਿਤੀ 29 ਅਪ੍ਰੈਲ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵੱਲੋਂ ਆਪਣੇ ਇਸਤਰੀ ਵਿੰਗ ਨੂੰ ਮਜ਼ਬੂਤ ਕਰਣ ਲਈ ਪੀਂਘਾਂ ਸੋਚ ਦੀਆਂ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਪਿੰਦਰ ਕੌਰ ਗਿੱਲ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਰਸ਼ਪਿੰਦਰ ਕੌਰ ਗਿੱਲ ਲੇਖਕ ਵਜੋਂ ਪਿਛਲੇ ਕਾਫੀ ਸਮੇਂ ਤੋਂ ਪੰਥਕ ਮੁੱਦਿਆਂ ਉੱਤੇ ਲੇਖ ਲਿਖਕੇ ਆਪਣਾ ਯੋਗਦਾਨ ਪਾ ਰਹੇ ਸਨ। ਰਸ਼ਪਿੰਦਰ ਕੌਰ ਗਿੱਲ ਨੂੰ ਪਾਰਟੀ ਵੱਲੋਂ ਅੰਮ੍ਰਿਤਸਰ ਦੇ ਸ਼ਹਿਰੀ ਪ੍ਰਧਾਨ ਦੀ ਜਿੰਮੇਵਾਰੀ ਸੌਂਪੀ ਗਈ। ਤਾਂ ਜੋ ਉਹ ਅੰਮ੍ਰਿਤਸਰ ਦੀਆਂ ਬੀਬੀਆ



ਭੈਣਾਂ ਨੂੰ ਪਾਰਟੀ ਦੇ ਅਜੰਡਿਆ ਬਾਰੇ ਦੱਸ ਕੇ ਆਪਣੇ ਹੱਕਾਂ ਲਈ ਜਾਗਰੁਕ ਕਰ ਸਕਣ। ਇਸ ਮੌਕੇ ਰਸ਼ਪਿੰਦਰ ਕੌਰ ਗਿੱਲ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਇਸ ਮੰਤਵ ਲਈ ਸ਼ਾਮਲ ਹੋ ਰਹੇ ਹਨ ਕਿ ਉਹ ਔਰਤਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਸਕਣ ਅਤੇ ਔਰਤਾਂ ਨੂੰ ਸਵੈ ਨਿਰਭਰ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦਾ ਸਹਿਯੋਗ ਲੈ ਸਕਣ। ਉਨਾਂ ਕਿਹਾ ਕਿ ਸ. ਸਿਮਰਨਜੀਤ ਸਿੰਘ ਮਾਨ ਜੋ ਕਿ ਮਜੂਦਾ MP ਹਨ ਸੰਗਰੂਰ ਦੇ, ਉਨਾਂ ਵੱਲੋਂ ਸੰਗਰੂਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੋਂ ਉਹ ਬਹੁਤ ਪ੍ਰਭਾਵਿਤ ਹਨ ਅਤੇ ਉਮੀਦ ਕਰਦੇ ਹਨ ਕਿ ਉਨਾਂ ਦੇ ਸਪੁੱਤਰ ਸ. ਇਮਾਨ ਸਿੰਘ ਮਾਨ ਜੀ ਜੋ ਕਿ ਅੰਮ੍ਰਿਤਸਰ ਤੋਂ ਉਮੀਦਵਾਰ ਹਨ, ਜਿੱਤ ਹਾਂਸਲ ਕਰਕੇ ਆਪਣੇ ਪਿਤਾ ਵਾਂਗ ਹੀ ਸਾਡੇ ਲੋਕ ਸਭਾ ਹਲਕੇ ਵਿੱਚ ਵੀ ਵੱਧ ਤੋਂ ਵੱਧ ਵਿਕਾਸ ਕਰਣਗੇ। ਬੀਬੀ ਰਸ਼ਪਿੰਦਰ ਕੌਰ ਗਿੱਲ ਜੀ ਨੂੰ ਇਸ ਸਮੇਂ ਸ. ਹਰਪਾਲ ਸਿੰਘ ਬਲੇਰ, ਸ. ਉਪਕਾਰ ਸਿੰਘ ਸੰਧੂ, ਜਸਬੀਰ ਸਿੰਘ ਬਚੜੇ ਜਥੇਬੰਦਕ ਸਕੱਤਰ, ਨਿਸ਼ਾਨ ਸਿੰਘ ਬਲੇਰ, ਜਥੇਦਾਰ ਜਗਜੀਤ ਸਿੰਘ ਰਾਮੂਵਾਲ, ਗੁਰਜਿੰਦਰ ਸਿੰਘ ਖਾਪੜਖੇੜੀ, ਬਿਅੰਤ ਸਿੰਘ ਸੰਧੂ, ਨਿਸ਼ਾਨ ਸਿੰਘ ਢਿੱਲੋਂ, ਹਰਪਾਲ ਸਿੰਘ ਖਾਲਿਸਤਾਨੀ, ਰਾਜਾ ਸਿੰਘ ਮੁਸਤਫਾਬਾਦ ਜੀ ਨੇ ਸਿਰੋਪਾਉ ਪਾ ਕੇ ਪਾਰਟੀ ਦੀ ਇਹ ਜਿੰਮੇਵਾਰੀ ਸੌਂਪੀ। ਇਸ ਸਮੇਂ ਪਰਮਜੀਤ ਸਿੰਘ ਸੁੱਖ ਜੀ, ਲਛਮਣ ਸਿੰਘ, ਪਵਿੱਤ ਸਿੰਘ, ਕੰਵਲ ਰੰਧਾਵਾ, ਬਾਉ ਰਾਣਾ ਜੀ, ਹਰਪਾਲ ਸਿੰਘ ਖਾਲਿਸਤਾਨੀ, ਹਰਜੋਤ ਸਿੰਘ ਹਰੜਕਲਾਂ, ਗੁਰਦੇਵ ਸਿੰਘ ਵਰਪਾਲ, ਗੁਰਵਿੰਦਰ ਸਰਕਾਰੀ, ਬਖਤਾਵਰ ਸਿੰਘ, ਦਵਿੰਦਰ ਫੌਜੀ, ਬਾਉ ਅਜੇ ਕੁਮਾਰ, ਹਰਭਜਨ ਸਿੰਘ, ਮਨਪ੍ਰੀਤ ਸਿੰਘ, ਬਚਿੱਤਰ ਸਿੰਘ, ਗੁਰਮੇਜ ਸਿੰਘ, ਕੁਲਦੀਪ, ਕੇਵਲ ਸਿੰਘ, ਮਨਦੀਪ ਕੁਮਾਰ, ਰਣਬੀਰ ਰਾਣਾ, ਕੁਲਵੰਤ ਸਿੰਘ ਵੇਰਕਾ, ਗੁਰਦੀਪ ਸਿੰਘ ਮੁੱਧਲ ਵੀ ਹਾਜ਼ਰ ਸਨ।

# ਮੇਜਰ ਅਜਾਇਬ ਸਿੰਘ ਸਕੂਲ ਵਿਖੇ ਐੱਨ.ਸੀ.ਸੀ. ਕੈਡਿਟ ਭਰਤੀ ਸੰਪੰਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ/ਪੰਜਗਰਾਈਂ ਕਲਾਂ, 2 ਮਈ : ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਵਿਖੇ 13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਦੀ ਅਗਵਾਈ ਹੇਠ ਚੱਲ ਰਹੇ ਜੂਨੀਅਰ ਡਿਵੀਜ਼ਨ ਦੇ ਕੈਡਿਟਾਂ ਦੀ ਚੋਣ ਕੀਤੀ ਗਈ। ਜਿਸ ਤਹਿਤ ਸੂਬੇਦਾਰ ਬੇਅੰਤ ਸਿੰਘ ਅਤੇ ਹੌਲਦਾਰ ਰਾਏਦੇਵ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਐੱਨ. ਸੀ. ਸੀ. ਦੇ ਮਹੱਤਵ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਦੇ



ਸਰੀਰਕ ਮਾਪਦੰਡ ਮਾਪਣ ਲਈ ਵੱਖ ਵੱਖ ਟੈਸਟ ਲਏ ਗਏ। ਇਸ ਭਰਤੀ ਪ੍ਰਕਿਰਿਆ ਵਿੱਚ ਕੁੱਲ 34 ਵਿਦਿਆਰਥੀਆਂ ਨੇ ਭਾਗ ਲਿਆ, ਜਿਹਨਾਂ ਵਿੱਚੋਂ 26 ਵਿਦਿਆਰਥੀਆਂ ਕੈਡਿਟ ਵਜੋਂ ਚੁਣੇ ਗਏ। ਸੰਸਥਾ ਮੁਖੀ ਡਾ. ਐੱਸ. ਐੱਸ. ਬਰਾੜ ਨੇ ਨਵੇਂ ਚੁਣੇ ਗਏ ਕੈਡਿਟਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਤੁਸੀਂ ਐੱਨ. ਸੀ. ਸੀ. ਦੇ ਮਾਧਿਅਮ ਰਾਹੀਂ ਸਖਸ਼ੀਅਤ ਉਸਾਰੀ ਦੇ ਨਾਲ-ਨਾਲ ਸੁਨਿਹਿਰੇ ਭਵਿੱਖ ਦੀ ਵੀ ਸਿਰਜਣਾ ਕਰ ਸਕਦੇ ਹੋ। ਇਸ ਮੌਕੇ ਕੇਅਰ ਟੇਕਰ ਪੂਨਮ ਰਾਣੀ ਨੇ ਚੋਣ ਕਮੇਟੀ ਅਤੇ ਪ੍ਰਿੰਸੀਪਲ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਮੁਲਾਜ਼ਮ – ਮਜ਼ਦੂਰ ਅਤੇ ਪੈਨਸ਼ਨਰ ਜਥੇਬੰਦੀਆਂ ਨੇ ਫਰੀਦਕੋਟ ਵਿਖੇ ਲਾਲ ਝੰਡੇ ਲਹਿਰਾਕੇ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਕੋਟਕਪੂਰਾ/ਪੰਜਗਰਾਈਂ ਕਲਾਂ, 2 ਮਈ : ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਵਿਖੇ 13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਦੀ ਅਗਵਾਈ ਹੇਠ ਚੱਲ ਰਹੇ ਜੂਨੀਅਰ ਡਿਵੀਜ਼ਨ ਦੇ ਕੈਡਿਟਾਂ ਦੀ ਚੋਣ ਕੀਤੀ ਗਈ। ਜਿਸ ਤਹਿਤ ਸੂਬੇਦਾਰ ਬੇਅੰਤ ਸਿੰਘ ਅਤੇ ਹੌਲਦਾਰ ਰਾਏਦੇਵ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਐੱਨ. ਸੀ. ਸੀ. ਦੇ ਮਹੱਤਵ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਦੇ ਸਰੀਰਕ ਮਾਪਦੰਡ ਮਾਪਣ ਲਈ ਵੱਖ ਵੱਖ ਟੈਸਟ ਲਏ ਗਏ। ਇਸ ਭਰਤੀ ਪ੍ਰਕਿਰਿਆ ਵਿੱਚ ਕੁੱਲ 34 ਵਿਦਿਆਰਥੀਆਂ ਨੇ ਭਾਗਫਰੀਦਕੋਟ , 2 ਮਈ (ਧਰਮ ਪ੍ਰਵਾਨਾਂ/ਵਰਲਡ ਪੰਜਾਬੀ ਟਾਈਮਜ਼)




ਅੱਜ ਇੱਥੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ, ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ 1680 ਸੈਕਟਰ 22 ਬੀ , ਚੰਡੀਗੜ੍ਹ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਜਿਲਾ ਫਰੀਦਕੋਟ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਕਿਰਤੀ ਜਮਾਤ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਦਿਨ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ 8 ਘੰਟੇ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਮਜ਼ਦੂਰ ਜਮਾਤ ਨੇ ਇਕਮੁੱਠ ਹੋ ਕੇ ਹੜਤਾਲ ਕੀਤੀ ਸੀ ਅਤੇ ਹਕੂਮਤ ਦੀਆਂ ਗੋਲੀਆਂ/ਫਾਂਸੀਆਂ ਦਾ ਸਾਹਮਣਾ ਕੀਤਾ ਸੀ। ਸਥਾਨਕ ਬ੍ਰਿਜਿੰਦਰਾ ਕਾਲਜ, ਨਹਿਰੀ ਕਲੋਨੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਡਿਪਟੀ ਕਮਿਸ਼ਨਰ ਦਫਤਰ ਵਿਖੇ ਨਾਅਰਿਆਂ ਦੀ ਗੂੰਜ ਵਿੱਚ ਲਾਲ ਝੰਡੇ ਲਹਿਰਾਏ ਗਏ । ਇਸ ਐਕਸ਼ਨ ਦੀ ਅਗਵਾਈ ਕਰਦੇ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਢੁੱਡੀ, ਬਲਕਾਰ ਸਿੰਘ ਸਹੋਤਾ, ਕੁਲਵੰਤ ਸਿੰਘ ਚਾਨੀ, , ਰਮੇਸ਼ ਢੈਪਈ , ਸੋਮ ਨਾਥ ਅਰੋੜਾ , ਜੋਤੀ ਪ੍ਰਕਾਸ਼ , ਰਾਜ ਦੇਵ , ਰਾਮ ਸਿੰਘ , ਮੋਹਨ ਲਾਲ , ਰੋਹਿਤ ਕੁਮਾਰ , ਸੁਰਜੀਤ ਕੌਰ , ਸਿਮਰਨ ਪ੍ਰੀਤ ਕੌਰ , ਹਰਪ੍ਰੀਤ ਕੌਰ , ਸੁਖਵਿੰਦਰ ਸਿੰਘ, ਰਜੀਵ ਕੁਮਾਰ ਸ਼ਰਮਾ , ਸੱਤ ਪਾਲ ਮੈਡੀਕਲ ਕਾਲਜ ਫਰੀਦਕੋਟ , ਕੁਲਦੀਪ ਕਾਗੜਾ ਨਗਰ ਕੌਂਸਲ, ਪ੍ਰਿੰਸੀਪਲ ਰਜੇਸ਼ ਕੁਮਾਰ ਬਰਜਿੰਦਰਾ ਕਾਲਜ , ਰੇਸ਼ਮ ਸਿੰਘ, ਗੁਰਪ੍ਰੀਤ ਸਿੰਘ ਸਿੱਧੂ, ਜਗਦੇਵ ਸਿੰਘ,ਸੁਰਜੀਤ ਸਿੰਘ ਬਰਜਿੰਦਰਾ ਕਾਲਜ , ਹਰੀ ਸਿੰਘ ਨਹਿਰੀ ਵਿਭਾਗ,

ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵਾਰ 2024 ਦਾ ਮਈ ਦਿਵਸ ਵਿਸ਼ੇਸ਼ ਮਹੱਤਵ ਰੱਖਦਾ ਹੈ ਜਦੋਂ ਸੰਸਾਰ ਦੀ ਸਭ ਤੋਂ ਜਿਆਦਾ 144 ਕਰੋੜ ਵਸੋਂ ਵਾਲੇ ਭਾਰਤ ਦੇਸ਼ ਦੇ ਭਵਿੱਖ ਬਾਰੇ ਫੈਸਲਾ ਹੋਣ ਜਾ ਰਿਹਾ ਹੈ। ਲੋਕ ਸਭਾ ਚੋਣਾ ਦੇ ਆਖ਼ਰੀ ਗੇੜ ਵਿੱਚ ਪੰਜਾਬ ਸਮੇਤ ਰਹਿੰਦੀਆਂ ਸੀਟਾਂ ਤੇ 1 ਜੂਨ ਨੂੰ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਬਾਅਦ 4 ਜੂਨ ਨੂੰ ਨਤੀਜਿਆਂ ਦਾ ਐਲਾਨ ਹੋ ਜਾਣਾ ਹੈ।

ਆਗੂਆਂ ਨੇ ਕਿਹਾ ਕਿ ਇਹ ਚੋਣਾਂ ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ, ਕਰੋੜਾਂ ਕਿਸਾਨ-ਮਜ਼ਦੂਰ ਬਨਾਮ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਵਿਚਕਾਰ, ਦੇਸ਼ ਦੀ ਕੌਮੀ ਜਾਇਦਾਦ ਸਾਡੇ ਪਬਲਿਕ ਸੈਕਟਰ ਅਦਾਰਿਆਂ ਨੂੰ ਨਿਜੀਕਰਨ ਦੇ ਭਿਆਨਕ ਹਮਲੇ ਤੋਂ ਬਚਾਉਣ ਅਤੇ ਵੇਚਣ ਵਾਲਿਆਂ ਵਿਚਕਾਰ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਅਤੇ ਇਸ ਤੋਂ ਇਨਕਾਰੀ ਕੇਂਦਰ/ਪੰਜਾਬ ਸਰਕਾਰਾਂ ਵਿਚਕਾਰ, ਮਹਿੰਗਾਈ ਵਧਾਉਣ ਅਤੇ ਮਹਿੰਗਾਈ ਭੱਤਾ ਵਧਾਉਣ ਤੋਂ ਇਨਕਾਰੀ ਸਰਕਾਰਾਂ ਅਤੇ ਮਹਿੰਗਾਈ ਰੋਕਣ ਦੀ ਮੰਗ ਕਰ ਰਹੇ ਲੋਕਾਂ/ਮੁਲਾਜ਼ਮਾਂ ਵਿਚਕਾਰ, ਸੰਵਿਧਾਨ ਦੇ ਆਦਰਸ਼ਾਂ ਧਰਮ ਨਿਰਪੱਖਤਾ/ ਸਮਾਜਵਾਦ ਦੀ ਰਾਖੀ ਕਰਨ ਵਾਲਿਆਂ ਅਤੇ ਇਸ ਨੂੰ ਬਦਲ ਕੇ ਇੱਕ ਫਿਰਕੇ ਦਾ ਰਾਜ ਕਾਇਮ ਕਰਨ ਵਾਲੀਆਂ ਤਾਕਤਾਂ ਵਿਚਕਾਰ, ਸੱਚਾਈ ਅਤੇ ਝੂਠ/ਪਖੰਡ/ਬੇਈਮਾਨੀ ਵਿਚਕਾਰ, ਇਨਸਾਨੀਅਤ ਅਤੇ ਹੈਵਾਨੀਅਤ ਵਿਚਕਾਰ ਫੈਸਲਾਕੁੰਨ ਵਿਚਾਰਧਾਰਕ ਜੰਗ ਦਾ ਰੂਪ ਧਾਰਣ ਕਰ ਚੁੱਕੀ ਹੈ । ਇਨਾਂ ਚੋਣਾਂ ਦੇ ਨਤੀਜਿਆਂ ਨੇ ਸਾਡੇ ਦੇਸ਼ ਦੀ ਆਉਣ ਵਾਲੀ ਪੀੜੀ ਦਾ ਭਵਿੱਖ ਤਹਿ ਕਰਨਾ ਹੈ। ਲਿਆ, ਜਿਹਨਾਂ ਵਿੱਚੋਂ 26 ਵਿਦਿਆਰਥੀਆਂ ਕੈਡਿਟ ਵਜੋਂ ਚੁਣੇ ਗਏ। ਸੰਸਥਾ ਮੁਖੀ ਡਾ. ਐੱਸ. ਐੱਸ. ਬਰਾੜ ਨੇ ਨਵੇਂ ਚੁਣੇ ਗਏ ਕੈਡਿਟਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਤੁਸੀਂ ਐੱਨ. ਸੀ. ਸੀ. ਦੇ ਮਾਧਿਅਮ ਰਾਹੀਂ ਸਖਸ਼ੀਅਤ ਉਸਾਰੀ ਦੇ ਨਾਲ-ਨਾਲ ਸੁਨਿਹਿਰੇ ਭਵਿੱਖ ਦੀ ਵੀ ਸਿਰਜਣਾ ਕਰ ਸਕਦੇ ਹੋ। ਇਸ ਮੌਕੇ ਕੇਅਰ ਟੇਕਰ ਪੂਨਮ ਰਾਣੀ ਨੇ ਚੋਣ ਕਮੇਟੀ ਅਤੇ ਪ੍ਰਿੰਸੀਪਲ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਸਿਰਕੱਢ ਨਾਵਲਕਾਰ ਪ੍ਰੋ. ਨਰਿੰਜਨ ਤਸਨੀਮ ਜੀ ਜਨਮ ਦਿਹਾੜੇ ਤੇ ਯਾਦ ਆਏ।



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਕੱਲ੍ਹ 30 ਅਪ੍ਰੈਲ ਪੰਜਾਬੀ ਸੱਭਿਆਚਾਰਕ ਮੇਲਿਆਂ ਦੇ ਰੂਹ ਏ ਰਵਾਂ ਸ਼ਃ ਜਗਦੇਵ ਸਿੰਘ ਜੱਸੋਵਾਲ ਜੀ ਦਾ ਜਨਮ ਦਿਨ ਸੀ। ਮਿੱਤਰ ਪਿਆਰੇ ਗੁਰਦੇਵ ਨਗਰ ਵਿਖੇ ਇਕੱਠੇ ਹੋਏ ਤੇ ਉਨ੍ਹਾਂ ਨੂੰ ਚੇਤੇ ਕਰਕੇ ਨਿੱਖੜ ਗਏ।

ਪਰਤਦਿਆਂ ਮੈਨੂੰ ਯਾਦ ਆਇਆ ਕਿ ਪ੍ਰੋਃ ਨਰਿੰਜਨ ਤਸਨੀਮ ਜੀ ਨੂੰ ਹਰ ਸਾਲ ਜੱਸੋਵਾਲ ਸਾਹਿਬ ਨੂੰ ਜਨਮ ਦਿਨ ਮੁਬਾਰਕ ਕਹਿਣ ਵਿਸ਼ਾਲ ਨਗਰ ਲਿਧਿਆਣਾ ਵਿੱਚ ਪਹੁੰਚਦੇ। ਸਾਨੂੰ ਸਭ ਨੂੰ ਨਾਲ ਲੈ ਕੇ ਗੁਲਦਸਤਿਆਂ ਸਮੇਤ। ਪ੍ਰੋਃ ਨਰਿੰਜਨ ਤਸਨੀਮ ਜੀ ਦਾ ਜਨਮ ਦਿਨ ਪਹਿਲੀ ਮਈ ਨੂੰ ਹੁੰਦਾ। ਕ੍ਰਿਸ਼ਨ ਕੁਮਾਰ ਬਾਵਾ,ਪਰਗਟ ਸਿੰਘ ਗਰੇਵਾਲ, ਤੇਜ ਪਰਤਾਪ ਸਿੰਘ ਸੰਧੂ, ਰਣਜੋਧ ਸਿੰਘ ਤੇ ਮੇਰੇ ਵਰਗਿਆਂ ਨੂੰ ਨਾਲ ਲੈ ਕੇ,ਗੁਲਦਸਤਾ ਲੈਂਦੇ ਸੁਰਖ਼ ਗੁਲਾਬ ਦੇ ਫੁੱਲਾਂ ਦਾ। ਨਿੱਕਾ ਮੋਟਾ ਕੇਕ ਹੀਰੋ ਬੇਕਰੀ ਤੋਂ ਫੜਦੇ। ਤਸਨੀਮ ਜੀ ਸਾਨੂੰ ਵੇਖ ਕੇ ਡਾਢੇ ਪ੍ਰਸੰਨ ਹੁੰਦੇ।

ਦੋ ਮਈ ਨੂੰ ਮੇਰਾ ਜਨਮ ਦਿਨ ਹੁੰਦਾ। ਦੋਵੇਂ ਰੂਹਾਂ ਦਿਨ ਚੜ੍ਹਨੋਂ ਪਹਿਲਾਂ ਸ਼ੁਭ ਇੱਛਾਵਾਂ ਦੇਂਦੀਆਂ। ਸਾਰਾ ਦਿਨ ਮਹਿਕ ਦੇ ਸਰੋਵਰ ਚ ਲੰਘਦਾ।

ਤੁਰ ਗਏ ਯਾਰ ਮੁਹੱਬਤਾਂ ਵਾਲੇ,

ਧਰਤੀ ਛੱਡ ਗਏ ਖ਼ਾਲੀ।

ਸੁੱਕ ਗਏ ਸੁਰਖ਼ ਗੁਲਾਬ ਦੇ ਬੂਟੇ,

ਬਿਨ ਪਾਣੀ, ਬਿਨ ਮਾਲੀ।

ਚਾਵਾਂ ਦੀ ਖੇਤੀ ਕਰਨਾ ਕੋਈ ਸਃ ਜਗਦੇਵ ਸਿੰਘ ਜੱਸੋਵਾਲ ਜੀ ਤੋਂ ਸਿੱਖਦਾ। ਕਮਾਲ ਦੀ ਧਰਤੀ ਗੋਡਦੇ ਲਗਾਤਾਰ ਪਾਣੀ ਪਾਉਂਦੇ ਪਰ ਕਦੇ ਫ਼ਲ ਦੀ ਆਸ ਇੱਛਿਆ ਨਾ ਰੱਖਦੇ। ਨਿਸ਼ਕਾਮ ਖੇਤੀ। ਉਨ੍ਹਾਂ ਦੇ ਲਾਏ ਬੂਟੇ ਹੀ ਘਣਛਾਵੇਂ ਬਿਰਖ ਬਣੇ ਹਨ।

ਅੱਜ ਪਹਿਲੀ ਮਈ ਨੂੰ ਪ੍ਰੋਃ ਨਰਿੰਜਨ ਤਸਨੀਮ ਜੀ ਦਾ ਜਨਮ ਦਿਨ ਹੈ। ਪੰਜਾਬੀ ਨਾਵਲਕਾਰੀ ਦੇ ਉੱਚੇ ਬੁਰਜ ਦਾ।

ਉਹ ਪੌਣੀ ਸਦੀ ਨਾਵਲ ਸਿਰਜਣਾ ਦੇ ਖੇਤਰ ਵਿਚ ਕਰਮਸ਼ੀਲ ਰਹੇ।

ਸਾਡੇ ਵੱਡੇ ਵਡੇਰੇ ਪ੍ਰੋਫ਼ੈਸਰ ਨਿਰੰਜਨ ਤਸਨੀਮ ਦੇ ਦਸ ਨਾਵਲਾਂ ਕਸਕ, ਪਰਛਾਵੇਂ, ਤਰੇੜਾਂ ਤੇ ਰੂਪ, ਰੇਤ ਛਲ, ਹਨੇਰਾ ਹੋਣ ਤੱਕ, ਇੱਕ ਹੋਰ ਨਵਾਂ ਸਾਲ, ਜਦੋਂ ਸਵੇਰ ਹੋਈ, ਜੁਗਾਂ ਤੋਂ ਪਾਰ, ਗੁਆਚੇ ਅਰਥ ਅਤੇ ਤਲਾਸ਼ ਕੋਈ ਸਦੀਵੀ ਨੂੰ ਇੱਕੋ ਸਮੇਂ ਪੰਜਾਬੀ ਭਵਨ ਦੇ ਵਿਹੜੇ ਲੁਧਿਆਣਾ ਵਿਖੇ ਅਸਾਂ ਉਨ੍ਹਾਂ ਦੇ ਹੁੰਦਿਆਂ ਲੋਕ ਅਰਪਣ ਕੀਤਾ ਸੀ। ਜਸਵੰਤ ਸਿੰਘ ਕੰਵਲ ਜੀ ਦੀ ਸਦਾਰਤ ਥੱਲੇ। ਹੁਣ ਦੋਵੇਂ ਉੱਤੋੜਿੱਤੀ ਸਾਨੂੰ ਫ਼ਤਹਿ ਬੁਲਾ ਗਏ। ਦੋਵੇਂ ਸਾਡੇ ਸਿਰ ਤੇ ਘਣਛਾਵੇਂ ਬਿਰਖ ਸਨ।

ਪ੍ਰੋਫ਼ੈਸਰ ਨਿਰੰਜਨ ਤਸਨੀਮ ਅੰਮ੍ਰਿਤਸਰ ਵਿੱਚ ਪਹਿਲੀ ਮਈ 1929 ਪੈਦਾ ਹੋਏ ਤੇ 17 ਅਗਸਤ 2019 ਨੂੰ ਸ਼ਾਮੀ ਚਾਰ ਵਜੇ ਆਖਰੀ ਸਲਾਮ ਕਹਿ ਗਏ।

ਪ੍ਰੋਃ ਨਰਿੰਜਨ ਤਸਨੀਮ ਕੁਲੀਨ ਵਰਗ ਦੇ ਪ੍ਰਤੀਨਿਧ ਸਨ। ਹਰ ਗੱਲ ਬਹੁਤ ਸਲੀਕੇ ਨਾਲ ਲਿਖਦੇ ਪੜ੍ਹਦੇ ਤੇ ਬੋਲਦੇ। ਇੱਕ ਹੋਰ ਨਵਾਂ ਸਾਲ ਨਾਵਲ ਕਈ ਸਾਲ ਲਗਾਤਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਜਮਾਤ ਲਈ ਸਿਲੇਬਸ ਦਾ ਹਿੱਸਾ ਰਿਹਾ। ਆਮ ਲੋਕਾਂ ਚ ਬਹੁਤ ਹਰਮਨ ਪਿਆਰੇ ਹੋਏ ਇਸ ਨਾਲ ਉਹ। ਪੰਜਾਬੀ ਕਵੀ ਈਸ਼ਵਰ ਚਿਤਰਕਾਰ ਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਰਹੀ ਉਮਰ ਭਰ। ਦੋਵੇਂ ਕਿਸੇ ਵੇਲੇ ਸ਼ਿਮਲੇ ਇਕੱਠੇ ਰਹੇ ਸਨ ਨੌਕਰੀ ਕਾਰਨ। ਉਨ੍ਹਾਂ ਦਾ ਨਾਵਲ ਜੁਗਾਂ ਤੋਂ ਪਾਰ ਈਸ਼ਵਰ ਚਿਤਰਕਾਰ ਜੀ ਬਾਰੇ ਹੀ ਹੈ।

ਪੁਰਦਮਨ ਸਿੰਘ ਬੇਦੀ ਨਾਲ ਮਿਲ ਕੇ ਉਨ੍ਹਾਂ ਈਸ਼ਵਰ ਚਿਤਰਕਾਰ ਸਿਮਰਤੀ ਗਰੰਥ ਵੀ ਸੰਪਾਦਿਤ ਕੀਤਾ ਸੀ। ਆਪਣੇ ਪਰਿਵਾਰਕ ਮੁਖੀਆਂ ਤਾਇਆ ਜੀ ਉਰਦੂ ਸ਼ਾਇਰ ਪੂਰਨ ਸਿੰਘ ਹੁਨਰ ਅਤੇ ਮਹਿੰਦਰ ਸਿੰਘ ਕੌਸਰ ਪਾਸੋਂ ਅਦਬੀ ਚਿਣਗ ਹਾਸਿਲ ਕਰਕੇ ਆਪ ਨੇ ਉਰਦੂ ਅਤੇ ਪੰਜਾਬੀ ਵਿੱਚ ਸਾਹਿਤ ਸਿਰਜਣਾ ਆਰੰਭੀ। 1929 ਵਿੱਚ ਪੈਦਾ ਹੋਏ ਇਸ ਲੰਮੇ ਕੱਦ ਕਾਠ ਵਾਲੇ ਗੱਭਰੂ ਨੇ 1945-46 ਵਿੱਚ ਅੰਮ੍ਰਿਤਸਰ ਦੇ ਕਾਲਜਾਂ ਵਿੱਚ ਪੜ੍ਹਦਿਆਂ ਹੀ ਉਰਦੂ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਪਰ ਇਨ੍ਹਾਂ ਦੀ ਸਾਹਿਤਕ ਜੀਵਨੀ ਦਾ ਆਰੰਭ 1959 ਨੂੰ ਹੋਇਆ ਜਦ ਉਨ੍ਹਾਂ ਨੇ ਉਰਦੂ ਵਿੱਚ ਪਹਿਲਾ ਨਾਵਲ 'ਸੋਗਵਾਰ' ਲਿਖਿਆ ।ਇਹ ਨਾਵਲ 1960 ਵਿੱਚ ਪ੍ਰਕਾਸ਼ਿਤ ਹੋਇਆ। 1962 ਵਿੱਚ ਉਨ੍ਹਾਂ ਦਾ ਦੂਸਰਾ ਉਰਦੂ ਨਾਵਲ 'ਮੋਨਾਲੀਜ਼ਾ' ਛਪ ਕੇ ਹਿੰਦ ਪਾਕਿ ਦੇ ਅਦਬੀ ਹਲਕਿਆਂ ਕੋਲ ਪੁੱਜਾ।

ਪ੍ਰੋ: ਨਿਰੰਜਨ ਤਸਨੀਮ ਨੇ ਪੰਜਾਬੀ ਵਿੱਚ ਸਾਹਿਤ ਸਿਰਜਣਾ 'ਪਰਛਾਵੇਂ' ਨਾਵਲ ਨਾਲ ਸ਼ੁਰੂ ਕੀਤੀ ਅਤੇ 1966 ਵਿੱਚ ਉਹਨਾਂ ਦਾ ਪਹਿਲਾ ਪੰਜਾਬੀ ਨਾਵਲ ਕਸਕ ਛਪ ਕੇ ਆਇਆ। ਸਾਲ 2000 ਤੀਕ ਉਨ੍ਹਾਂ ਦੇ ਦਸ ਨਾਵਲ ਪਾਠਕਾਂ ਕੋਲ ਪਹੁੰਚੇ ਅਤੇ ਸ਼ਹਿਰੀ ਪਿਛੋਕੜ ਦੇ ਬਾਵਜੂਦ ਉਨ੍ਹਾਂ ਦੀ ਲਿਖਤ ਪੇਂਡੂ ਅਤੇ ਸ਼ਹਿਰੀ ਹਲਕਿਆਂ ਵਿੱਚ ਇੱਕੋ ਜਿੰਨੀ ਸਲਾਹੀ ਗਈ। ਪੰਜਾਬ ਦੀਆਂ ਲਗਪਗ ਸਾਰੀਆਂ ਯੂਨੀਵਰਸਿਟੀਆਂ ਅਤੇ ਸਕੂਲ ਸਿੱਖਿਆ ਬੋਰਡ ਨੇ ਉਨ੍ਹਾਂ ਦੇ ਨਾਵਲਾਂ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਜਿਸ ਕਾਰਨ ਨਵੀਂ ਪੀੜ੍ਹੀ ਦੀ ਰੂਹ ਨਾਲ ਉਨ੍ਹਾਂ ਦੀ ਸਿਰਜਣਾਤਮਕ ਸਾਂਝ ਪੈ ਗਈ।

ਪ੍ਰੋ. ਨਿਰੰਜਨ ਤਸਨੀਮ ਪੰਜਾਬ ਭਾਸ਼ਾ ਵਿਭਾਗ ਦੇ ਸਾਹਿਤ ਰਤਨ ਪੁਰਸਕਾਰ ਨਾਲ ਸਨਮਾਨਿਤ ਲੇਖਕ ਸਨ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਵੀ ਬਹੁਤ ਪਹਿਲਾਂ ਉਨ੍ਹਾਂ ਨੂੰ 1993 ਸ. ਕਰਤਾਰ ਸਿੰਘ ਧਾਲੀਵਾਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ ਪੰਜਾਬ ਦੇ ਸਿੱਖਿਆ ਮੰਤਰੀ ਸ. ਲਖਮੀਰ ਸਿੰਘ ਰੰਧਾਵਾ ਨੇ ਉਨ੍ਹਾਂ ਨੂੰ 1995 ਵਿੱਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਆਦਰ ਮਾਣ ਦਿੱਤਾ।

ਭਾਰਤੀ ਸਾਹਿਤ ਅਕੈਡਮੀ ਵੱਲੋਂ ਤਸਨੀਮ ਜੀ ਨੂੰ 1999 ਵਿੱਚ ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਸਾਹਿਤ ਸੰਸਥਾਨ ਲੁਧਿਆਣਾ ਨੇ ਉਨ੍ਹਾਂ ਨੂੰ ਸਰਵੋਤਮ ਪੰਜਾਬੀ ਗਲਪਕਾਰ ਪੁਰਸਕਾਰ ਨਾਲ 1994 ਵਿੱਚ ਨਿਵਾਜਿਆ। ਇੰਡੀਅਨ ਇੰਸਟੀਚਿਊਟ ਆਫ ਐਡਵਾਂਸ ਸਟੱਡੀ ਦੇ ਆਪ 1998-99ਦੌਰਾਨ ਫੈਲੋ ਰਹੇ। ਗੌਰਮਿੰਟ ਕਾਲਿਜ ਟਾਂਡਾ, ਕਪੂਰਥਲਾ , ਫ਼ਰੀਦਕੋਟ , ਲੁਧਿਆਣਾ ਤੇ ਗੁਰੂ ਹਰਗੋਬਿੰਦ ਖਾਲਸਾ ਕਾਲਿਜ ਗੁਰੂਸਰ ਸਧਾਰ (ਲੁਧਿਆਣਾ) ਵਿੱਚ ਸਾਰੀ ਜ਼ਿੰਦਗੀ ਅੰਗਰੇਜ਼ੀ ਪੜ੍ਹਾਉਣ ਵਾਲੇ ਪ੍ਰੋ ਤਸਨੀਮ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਵੀ ਦਸ ਮਹੱਤਵਪੂਰਨ ਪੁਸਤਕਾਂ ਦਿੱਤੀਆਂ ਪੰਜਾਬੀ ਨਾਵਲ ਦਾ ਮੁਹਾਂਦਰਾ 'ਮੇਰੀ ਨਾਵਲ ਨਿਗਾਰੀ', ਨਾਵਲ ਕਲਾ ਅਤੇ ਮੇਰਾ ਅਨੁਭਵ, ਆਈਨੇ ਦੇ ਰੂ-ਬਰੂ, ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ' ਤੋਂ ਇਲਾਵਾ ਸਮਕਾਲੀ ਸਾਹਿਤਕ ਸੰਦਰਭ ਯੂਨੀਵਰਸਿਟੀ ਅਧਿਆਪਕਾਂ ਲਈ ਮਾਰਗ ਦਰਸ਼ਕ ਪੁਸਤਕਾਂ ਹਨ ।

ਅੰਗਰੇਜ਼ੀ ਵਿੱਚ ਵੀ ਉਨ੍ਹਾਂ ਨੇ ਪੰਜਾਬੀ ਸਾਹਿਤ ਬਾਰੇ ਪੰਜ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚੋਂ ਕਾਦਰ ਯਾਰ ਬਾਰੇ ਲਿਖੀ ਪੁਸਤਕ ਨੂੰ ਭਾਰਤੀ ਸਾਹਿਤ ਅਕੈਡਮੀ ਨੇ ਪ੍ਰਕਾਸ਼ਿਤ ਕੀਤਾ। ਉਹ ਪੰਜਾਬੀ ਤੋਂ ਅੰਗਰੇਜ਼ੀ ਚ ਬਹੁਤ ਚੰਗੇ ਅਨੁਵਾਦਕ ਸਨ। ਮੈਨੂੰ ਮਾਣ ਹੈ ਕਿ ਉਨ੍ਹਾਂ ਮੇਰੀਆਂ ਵੀ ਕੁਝ ਕਵਿਤਾਵਾਂ ਅਨੁਵਾਦ ਕਰਕੇ ਸੋਵੀਅਤ ਲੈਂਡ ਮੈਗਜ਼ੀਨ ਚ ਛਪਵਾਈਆਂ।

ਅੰਗਰੇਜ਼ੀ ਅਖ਼ਬਾਰਾਂ ਵਿੱਚ ਲਗਾਤਾਰ ਕਾਲਮ ਲਿਖਣ ਵਾਲੇ ਪ੍ਰੋ. ਨਿਰੰਜਨ ਤਸਨੀਮ ਨੇ ਅਨੇਕਾਂ ਮਹੱਤਵਪੂਰਨ ਪੁਸਤਕਾਂ ਨੂੰ ਪੰਜਾਬੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਉਲਥਾਇਆ ਹੈ। ਆਪਣੀ ਸਿਰਜਣਾਤਮਕ ਸਿਖ਼ਰ ਉਹ ਫਰੀਦਕੋਟ ਨੂੰ ਹੀ ਮੰਨਦੇ ਸਨ। ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਲੁਧਿਆਣਾ ਸ਼ਹਿਰ ਦੇ ਪੱਖੋਵਾਲ ਰੋਡ ਸਥਿਤ ਵਿਸ਼ਾਲ ਨਗਰ ਇਲਾਕੇ ਵਿੱਚ ਵੱਸਦੇ ਪ੍ਰੋ. ਨਰਿੰਜਨ ਤਸਨੀਮ ਉਮਰ ਦੇ 89ਵੇਂ ਡੰਡੇ ਤੀਕ ਸਿੱਧੇ ਸਤੋਰ ਖੜ੍ਹੇ ਰਹੇ ਪਰ 90ਵਾਂ ਚੜ੍ਹਨ ਸਾਰ ਡੋਲ ਗਏ।

ਆਪਣੇ ਇਕਲੌਤੇ ਪੁੱਤਰ ਡਾ: ਗੁਰਿੰਦਰਜੀਤ ਸਿੰਘ ਤੇ ਧੀਆਂ ਪੁੱਤਰਾਂ ਪੋਤਰਿਆਂ ਪੋਤਰੀਆਂ, ਦੋਹਤਰੇ ਦੋਹਤਰੀਆਂ ਤੋਂ ਇਲਾਵਾ ਵਿਸ਼ਾਲ ਪਾਠਕ ਵਰਗ ਤੇ ਮਿੱਤਰ ਮੰਡਲ ਉਨ੍ਹਾਂ ਨੂੰ ਅੱਜ ਪਹਿਲੀ ਮਈ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਤੇ ਚੇਤੇ ਕਰੇਗਾ।

# " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਅਤੇ ਪੰਜਾਬ ਸਾਹਿਤ ਅਕਾਦਮੀ ਦਾ ਮਹੀਨਾਵਾਰ ਆਨਲਾਈਨ ਪ੍ਰੋਗਰਾਮ ਸਿਰਜਣਾ ਦੇ ਆਰ ਪਾਰ ਯਾਦਗਾਰੀ ਹੋ ਨਿੱਬੜਿਆ "

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ




ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੇ ਵਿਸ਼ੇਸ਼ ਯਤਨਾਂ ਸਦਕਾ 29 ਅਪ੍ਰੈਲ ਦਿਨ ਸੋਮਵਾਰ ਨੂੰ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਡਾ . ਤੇਜਿੰਦਰ ਹਰਜੀਤ ਲੋਕਧਾਰਾਈ ਖੇਤਰ ਦੇ ਮਾਹਿਰ,ਬਾਲ ਸਾਹਿਤ ਲੇਖਿਕਾ,ਚਿੰਤਕ ਅਤੇ ਪ੍ਰੇਰਨਾਦਾਇਕ ਸ਼ਖ਼ਸੀਅਤ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਪ੍ਰੋ ਕੁਲਜੀਤ ਕੌਰ ਨੇ ਡਾ ਤੇਜਿੰਦਰ ਹਰਜੀਤ ਦੇ ਜੀਵਨ ਸਫ਼ਰ ਤੇ ਝਾਤ ਪਵਾਈ। ਪ੍ਰੋਗਰਾਮ ਦੇ ਆਰੰਭ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਪ੍ਰਧਾਨ ਰਿੰਟੂ ਭਾਟੀਆ ਨੇ ਸਭ ਨੂੰ ਨਿੱਘੀ ਜੀ ਆਇਆਂ ਕਹਿੰਦਿਆਂ ਡਾ ਤੇਜਿੰਦਰ ਹਰਜੀਤ ਦੀ ਸ਼ਖ਼ਸੀਅਤ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਡਾ ਸਰਬਜੀਤ ਕੌਰ ਸੋਹਲ ਨੇ ਆਪਣੇ ਜੀ ਆਇਆਂ ਸੰਬੋਧਨ ਵਿੱਚ ਡਾ ਤੇਜਿੰਦਰ ਹਰਜੀਤ ਜੀ ਤੋਂ ਬਤੌਰ ਅਧਿਆਪਕਾ ਤੋਂ ਜੋ ਪ੍ਰਭਾਵ ਗ੍ਰਹਿਣ ਕੀਤੇ ਉਹਨਾਂ ਬਾਰੇ ਬਹੁਤ ਭਾਵਪੂਰਤ ਵਿਚਾਰ ਸਾਂਝੇ ਕੀਤੇ। ਉਹਨਾਂ ਸਿਰਜਣਾ ਦੇ ਆਰ ਪਾਰ ਦੇ ਇਸ 23 ਵੇਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਵਲੋਂ ਕਰਵਾਏ ਜਾਣ ਵਾਲੇ ਸਾਹਿਤਕ ਪ੍ਰੋਗਰਾਮਾਂ ਦੀ ਸੰਖੇਪ ਜਾਣਕਾਰੀ ਦਿੱਤੀ। ਪ੍ਰੋ ਕੁਲਜੀਤ ਕੌਰ ਨੇ ਡਾ ਤੇਜਿੰਦਰ ਨੂੰ ਉਹਨਾਂ ਦੇ ਮੁਢਲੇ ਜੀਵਨ ਤੋਂ ਹੁਣ ਤੱਕ ਦੇ ਸਫਰ ਬਾਰੇ ਦਰਸ਼ਕਾਂ ਨਾਲ ਸਾਂਝ ਪਵਾਉਣ ਲਈ ਕਿਹਾ। ਡਾ ਤੇਜਿੰਦਰ ਹਰਜੀਤ ਨੇ ਬਚਪਨ ਵਿੱਚ ਵਾਪਰੀਆਂ ਘਟਨਾਵਾਂ ਤੋਂ ਯੂਨੀਵਰਸਿਟੀ ਦੇ ਰਿਜਨਲ ਕੈਂਪਸ ਦੇ ਅਧਿਆਪਨ ਤੱਕ ਦੇ ਲੰਮੇ ਸਫ਼ਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਹਨਾਂ ਆਪਣੀਆਂ ਪੁਸਤਕਾਂ ਕੰਨਾਂ ਮੁੰਨਾ ਘੁਰਰ, ਗਾਉਂਦੇ ਅੱਖਰ, ਮੰਗਲੀਕ (ਕਾਵਿ ਸੰਗ੍ਰਹਿ) ਸਾਵੇ ਸਾਵੇ ਬਾਗਾਂ ਵਿੱਚ, ਤ੍ਰਿੰਝਣ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਹ ਵਰਨਣਯੋਗ ਹੈ ਕਿ ਆਪ ਨੇ ਪੰਜਾਬ ਦੇ ਲੋਕ ਗਹਿਣੇ ਵਿਸ਼ੇ ਉਪਰ ਪੀ ਐਚ ਡੀ ਦੀ ਡਿਗਰੀ ਪ੍ਰਾਪਤ ਕੀਤੀ ਸੀ। ਆਪ ਨੇ ਦੱਸਿਆ ਕਿ ਆਪ ਦੇ ਬਹੁਤ ਸਾਰੇ ਗੀਤ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਨੇ ਗਾਏ ਹਨ।ਆਪ ਨੇ ਵਿਸਾਖੀ,ਇਹ ਜਨਮ ਤੁਮਹਾਰੇ ਲੇਖੇ, ਚੂੜੀਆਂ, ਪੰਜਾਬ 84 ਫਿਲਮਾਂ ਦੇ ਡਾਇਲਾਗ ਲਿਖੇ ਅਤੇ ਪੰਜਾਬ 84 ਫਿਲਮ ਦੀ ਲੋਰੀ ਨੂੰ ਵਿਸ਼ੇਸ਼ ਮਾਨਤਾ ਮਿਲੀ। ਆਪ ਨੂੰ ਪੀ ਟੀ ਸੀ ਪੰਜਾਬੀ ਵੱਲੋਂ ਸਰਵੋਤਮ ਡਾਇਲਾਗ ਲੇਖਕਾਂ ਦੇ ਤੌਰ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪ ਨੇ ਬਾਲਾਂ ਲਈ ਮਾਤ ਭਾਸ਼ਾ ਪੰਜਾਬੀ ਵਿੱਚ ਛੋਟੀਆਂ ਛੋਟੀਆਂ ਕਵਿਤਾਵਾਂ ਰਚ ਕੇ ਉਹਨਾਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਮੋਹ ਪੈਦਾ ਕਰਨ ਦਾ ਯਤਨ ਕੀਤਾ। ਉਹਨਾਂ ਅਨੁਸਾਰ ਜੇਕਰ ਸਕੂਲੀ ਪੱਧਰ ਤੇ ਬੱਚਿਆਂ ਅੰਦਰ ਚੰਗੇ ਸਾਹਿਤ ਪ੍ਰਤੀ ਰੁਚੀ ਪੈਦਾ ਕੀਤੀ ਜਾਵੇ ਤਾਂ ਉਹ ਭਵਿੱਖ ਵਿਚ ਵਧੀਆ ਨਾਗਰਿਕ ਬਣ ਸਕਦੇ ਹਨ।ਉਹਨਾਂ ਕਿਹਾ ਕਿ ਉਹਨਾਂ ਆਪਣੇ ਜੀਵਨ ਦੀਆਂ ਮੁਸ਼ਕਲਾਂ ਅਤੇ ਸੰਘਰਸ਼ ਵਿੱਚੋਂ ਹੀ ਸਹਿਣਸ਼ੀਲਤਾ ਅਤੇ ਸੰਜਮ ਸਿਖਿਆ ਹੈ। ਉਹਨਾਂ ਆਪਣੇ ਜੀਵਨ ਦੀ ਸਫਲਤਾ ਲਈ ਆਪਣੇ ਹਮਸਫਰ ਸ੍ਰ ਹਰਜੀਤ ਸਿੰਘ ਜੋਕਿ ਕਿ ਜਲੰਧਰ ਦੂਰਦਰਸ਼ਨ ਦੇ ਪ੍ਰੋਡਿਊਸਰ ਰਹਿ ਚੁੱਕੇ ਹਨ ਅਤੇ ਮੀਡੀਆ ਅਤੇ ਫ਼ਿਲਮਾਂ ਨਾਲ ਜੁੜੀ ਬਹੁਤ ਹੀ ਵਿਸ਼ੇਸ਼ ਹਸਤੀ ਹਨ ਦਾ ਵਿਸ਼ੇਸ਼ ਯੋਗਦਾਨ ਦੱਸਿਆ। ਉਹਨਾਂ ਆਪਣੀਆਂ ਧੀਆਂ ਮਧੁਰਜੀਤ ਸਰਘੀ ਅਤੇ ਉਸ ਦੇ ਪਤੀ ਅਨੁਰਾਗ ਸਿੰਘ ਦੀਆਂ ਫਿਲਮ ਜਗਤ ਦੀਆਂ ਪ੍ਰਾਪਤੀਆਂ ਬਾਰੇ ਵਿਸ਼ੇਸ਼ ਤੌਰ ਤੇ ਦੱਸਿਆ। ਅਤੇ ਦੂਜੀ ਧੀ ਸੂਫ਼ੀ ਦੀ ਕੱਥਕ ਡਾਂਸ ਪ੍ਰਤੀ ਲਗਨ ਤੇ ਰੁਚੀ ਬਾਰੇ ਦੱਸਿਆ। ਦੋਹਾਂ ਪੁੱਤਰਾਂ ਦੀਆਂ ਸਿਰਜਣਾਤਮਕ ਅਤੇ ਕਲਾਕਾਰੀ ਰੁਚੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਪ੍ਰੋ ਗੁਰਜੰਟ ਸਿੰਘ, ਕੁਲਵਿੰਦਰ ਸਿੰਘ ਗਾਖਲ,ਪੋਲੀ ਬਰਾੜ, ਅਜੈਬ ਸਿੰਘ ਚੱਠਾ,ਮਲੂਕ ਸਿੰਘ ਕਾਹਲੋਂ, ਸਤਿੰਦਰ ਕੌਰ ਕਾਹਲੋਂ, ਡਾ ਬਲਜੀਤ ਕੌਰ ਨੇ ਡਾ ਤੇਜਿੰਦਰ ਹਰਜੀਤ ਦੇ ਜੀਵਨ ਸਫ਼ਰ ਅਤੇ ਪ੍ਰਾਪਤੀਆਂ ਬਾਰੇ ਸ਼ਲਾਘਾ ਕਰਦਿਆਂ ਉਹਨਾਂ ਨਾਲ ਸਬੰਧਤ ਆਪਣੇ ਅਨੁਭਵ ਵੀ ਸਾਂਝੇ ਕੀਤੇ। ਇਸ ਮੌਕੇ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਸੰਸਥਾਪਕ ਰਮਿੰਦਰ ਰੰਮੀ ਵੱਲੋਂ ਸੰਪਾਦਿਤ ਕੀਤੇ ਜਾਂਦੇ ਈ ਮੈਗਜ਼ੀਨ ਨੂੰ ਵੀ ਰਿਲੀਜ਼ ਕੀਤਾ ਗਿਆ।ਸੰਸਥਾ ਦੇ ਚੀਫ਼ ਐਡਵਾਈਜ਼ਰ ਸਾਰੇ ਪ੍ਰੋਗਰਾਮ ਨੂੰ ਬਹੁਤ ਧਿਆਨ ਨਾਲ ਸੁਣਦੇ ਹਨ ਤੇ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ



ਸਮਅੱਪ ਕਰਦੇ ਹਨ । ਦਰਸ਼ਕ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਨਣ ਲਈ ਬਹੁਤ ਉਤਾਵਲੇ ਰਹਿੰਦੇ ਹਨ । ਅੰਤ ਵਿੱਚ ਪਿਆਰਾ ਸਿੰਘ ਕੁੱਦੋਵਾਲ ਨੇ ਡਾ ਤੇਜਿੰਦਰ ਹਰਜੀਤ ਜੀ ਨਾਲ ਇਸ ਮਿਲਣੀ ਨੂੰ ਪ੍ਰਭਾਵਸ਼ਾਲੀ ਦੱਸਿਆ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾਂ ਅਨੁਸਾਰ ਸਫਲਤਾ ਦਾ ਰਸਤਾ ਏਨਾ ਸਹਿਜ ਜਾਂ ਸੌਖਾ ਨਹੀਂ ਹੁੰਦਾ ਉਹਨਾਂ ਕਿਹਾ ਕਿ ਡਾ ਤੇਜਿੰਦਰ ਹਰਜੀਤ ਦੇ ਜੀਵਨ ਤੋਂ ਸਾਨੂੰ ਮੁਸ਼ਕਿਲ ਸਮੇਂ ਵਿੱਚ ਵੀ ਉਸਾਰੂ ਸੋਚ ਰੱਖਣ ਦੀ ਪ੍ਰੇਰਨਾ ਮਿਲਦੀ ਹੈ।ਇਸ ਪ੍ਰੋਗਰਾਮ ਵਿੱਚ
ਵਿਜੇਤਾ ਭਾਰਦਵਾਜ , ਸੁਰਜੀਤ ਟਰਾਂਟੋ, ਕੁਲਬੀਰ ਸਿੰਘ ਸੂਰੀ,ਡਾ ਅਮਰ ਜੋਤੀ ਮਾਂਗਟ , ਹਮੀਦ ਹਮੀਦੀ , ਭੁਪਿੰਦਰ ਸਿੰਘ ਰੈਨਾ , ਭੁਪਿੰਦਰ ਸਿੰਘ ਕੋਹਲੀ , ਗੁਬਿੰਦਰ ਕੌਰ ਟਿੱਬਾ , ਅੰਮ੍ਰਿਤਾ ਦਰਸ਼ਨ , ਪਰਮਜੀਤ ਦਿਓਲ , ਤਰਿੰਦਰ ਕੌਰ , ਗਿਆਨ ਸਿੰਘ ਦਰਦੀ , ਗਿਆਨ ਸਿੰਘ ਘਈ , ਸ ਹਰਦਿਆਲ ਸਿੰਘ ਝੀਤਾ , ਗੁਰਚਰਨ ਸਿੰਘ ਜੋਗੀ , ਅਜ਼ੀਮ ਕਾਜ਼ੀ , ਸੋਹਣ ਸਿੰਘ ਗੈਦੂ , ਸੁਨੀਲ ਚੰਦਿਆਣਵੀ , ਜਗਜੀਤ ਖਹਿਰਾ , ਸੁਨੀਲ ਚੰਦਿਆਣਵੀ , ਸੁਖਪ੍ਰੀਤ , ਸਟੱਡੀ ਆਨਲਾਈਨ , ਏ ਡੀ ਏ , .....ਸੁਖਵਿੰਦਰ ਕੌਰ , ਹਰਜੀਤ ਬਮਰਾ , ਸਤਨਾਮ ਕੌਰ ਆਦਿ ਹਾਜ਼ਰ ਸਨ। ਰਮਿੰਦਰ ਰੰਮੀ ਨੇ ਪ੍ਰਬੰਧਕਾਂ ਦਾ ਤੇ ਹਾਜ਼ਰੀਨ ਮੈਂਬਰਜ਼ ਦਾ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਸੱਭ ਦੇ ਸਹਿਯੋਗ ਸਦਕਾ ਹੀ ਪ੍ਰੋਗਰਾਮ ਸਫ਼ਲ ਹੋ ਰਹੇ ਹਨ । ਆਸ ਕਰਦੇ ਹਾਂ ਕਿ ਆਪ ਸੱਭ ਦਾ ਸਾਥ ਤੇ ਸਹਿਯੋਗ ਹਮੇਸ਼ਾਂ ਇਸੇ ਤਰਾਂ ਮਿਲਦਾ ਰਹੇਗਾ । ਇਹ ਵੀ ਕਿਹਾ ਕਿ ਸੋਹਲ ਮੈਡਮ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਬੈਕ ਬੋਨ ਹਨ ਤੇ ਪਿੱਛਲੇ 4 ਸਾਲਾਂ ਤੋਂ ਹਰ ਪ੍ਰੋਗਰਾਮ ਵਿੱਚ ਸ਼ਿਰਕਤ ਕਰਦੇ ਹਨ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਭਾਗ ਲਿਆ । ਪ੍ਰਸ਼ੰਸਕਾਂ ਵੱਲੋਂ ਇਸ ਪ੍ਰੋਗਰਾਮ ( ਸਿਰਜਣਾ ਦੇ ਆਰ ਪਾਰ )ਨੂੰ ਬਹੁਤ ਸਲਾਹਿਆ ਜਾ ਰਿਹਾ ਹੈ ਤੇ ਉਹ ਬਹੁਤ ਉਤਾਵਲੇ ਰਹਿੰਦੇ ਹਨ ਇਸ ਪ੍ਰੋਗਰਾਮ ਨੂੰ ਦੇਖਣ ਲਈ । ਕੁਲਜੀਤ ਜੀ ਬਹੁਤ ਮੰਝੇ ਹੋਏ ਐਂਕਰ ਤੇ ਟੀ ਵੀ ਹੋਸਟ ਵੀ ਹਨ । ਜਲਦੀ ਹੀ ਇਹਨਾਂ ਪ੍ਰੋਗਰਾਮ ਨੂੰ ਕਲਮਬੰਦ ਕਰ ਕਿਤਾਬ ਤਿਆਰ ਕੀਤੀ ਜਾਣ ਦਾ ਵਿਚਾਰ ਹੈ ।
ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ ਕੁਲਜੀਤ ਕੌਰ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ ।

# ਮਜ਼ਦੂਰ ਹਾਂ , ਮਜ਼ਬੂਰ ਹਾਂ ।



ਵਰਲਡ ਪੰਜਾਬੀ ਟਾਈਮਜ਼
ਗੁਰੀ ਚੰਦੜ

"ਮਜ਼ਦੂਰ ਹਾਂ , ਮਜ਼ਬੂਰ ਹਾਂ...!
ਕਿੰਨੀਆਂ ਸੋਚਾਂ ਨੇ ਮੇਰੇ ਮਨ ਅੰਦਰ...?
ਸਮਝੇ ਨਾ ਕੋਈ ਮੇਰੇ ਦਰਦ ਨੂੰ ,
ਤਾਹੀਓਂ ! ਸਭ ਤੋਂ ਕੋਹਾਂ ਦੂਰ ਹਾਂ ,
ਮਜ਼ਦੂਰ ਹਾਂ , ਮਜ਼ਬੂਰ ਹਾਂ...!"

"ਤਿਣਕਾ-ਤਿਣਕਾ ਖੇਤ 'ਚੋਂ ਚੁਗ ਕੇ ,
ਪਾਣੀ ਸਿਖ਼ਰ ਦੁਪਹਿਰੇ ਲਾਇਆ ,
ਭੁੱਖਾ ਪਿਆਸਾ ਰਹਿ-ਰਹਿ ਕੇ ਮੈਂ ,
ਇੱਕ-ਇੱਕ ਬੀਜ ਧਰਤੀ ਪਾਇਆ...!"

"ਤਿਮਾਹੀ-ਛਿਮਾਹੀ ਕਰਕੇ ਰਾਖੀ ,
ਫੇਰ ਕਿਤੇ , ਇਸਨੂੰ ਬੂਰ ਹੈ ਆਇਆ ,
ਕੱਪੜੇ ਘਸ-ਘਸ ਫਟ ਗਏ ਮੇਰੇ ,
ਤੇ , ਫੀਸਾਂ ਦਾ ਦਿਨ ਨੇੜੇ ਆਇਆ...!"

"ਘਰਵਾਲੀ ਦੇ ਕਿੰਨੇ ਈ ਚਾਅ ਸੀ ,
ਉਸ ਕਦੇ ਨਾ ਬਿੰਦੀ , ਸਿੰਦੂਰ ਲਾਇਆ ,
ਦਾਤੀ ਪੈ ਗਈ ਏ ਫ਼ਸਲਾਂ ਨੂੰ ਅੱਜ ,
ਉੱਤੋਂ ਕਾਲ਼ਾ ਬੱਦਲ਼ ਫਿਰੇ ਛਾਇਆ...!"

"ਦੋ ਦਿਨ ਲੰਘਾ ਦੇ ਰੱਬਾ ਮੇਰਿਆ ,
ਦੱਸ ਤੂੰ ਕਾਹਦਾ ਜਸ਼ਨ ਮਨਾਇਆ...?
ਦਿਲ ਮੇਰਾ ਜ਼ੋਰ-ਜ਼ੋਰ ਦੀ ਧੜਕੇ ,
ਲਗਦਾ ਏ ! ਮੇਰਾ ਮਾਤਮ ਛਾਇਆ...!"

"ਇੱਕ-ਇੱਕ ਕਣੀ ਜਾਵੇ ਡੰਗਦੀ ,
ਜੋ ਸੱਪ ਮੇਰੇ ਗਲ਼ ਵਿੱਚ ਪਾਇਆ ,
ਠੇਕੇ ਉੱਤੇ ਲਈ ਜ਼ਮੀਨ ਮੈਂ ਸਾਰੀ ,
ਮੈਨੂੰ ਨਾ ਕਦੇ ਮੁਆਵਜ਼ਾ ਆਇਆ...!"

"ਤੇਰੀਆਂ ਦਾਤਾ ਬਸ , ਤੂੰਹੀਂ ਜਾਣੈ ,
ਕਿਉਂ ਤੂੰ ਇਹ ਕਹਿਰ ਢਾਇਆ...?
ਮਿਹਨਤਕਸ਼ ਉਨ੍ਹਾਂ ਲੋਕਾਂ 'ਚੋਂ ਹਾਂ ,
ਜਿਨ੍ਹਾਂ ਨਾ ਕਦੇ ਢੇਰੀ ਨੂੰ ਢਾਹਿਆ ,
ਅੱਜ ਹੈ , ਜੇਕਰ ਦਿਨ ਮਾੜਾ ਪੱਲੇ ,
ਕੀ ਚੰਗਾ ਮੁੜ ਕਦੇ ਨੀ ਆਇਆ...?

"ਮਜ਼ਦੂਰ ਹਾਂ , ਮਜ਼ਬੂਰ ਹਾਂ...!
ਕਿੰਨੀਆਂ ਸੋਚਾਂ ਨੇ ਮੇਰੇ ਮਨ ਅੰਦਰ...?
ਸਮਝੇ ਨਾ ਕੋਈ ਮੇਰੇ ਦਰਦ ਨੂੰ ,
ਤਾਹੀਓਂ ! ਸਭ ਤੋਂ ਕੋਹਾਂ ਦੂਰ ਹਾਂ ,
ਮਜ਼ਦੂਰ ਹਾਂ , ਮਜ਼ਬੂਰ ਹਾਂ...!"
ਮਜ਼ਬੂਰ ਹਾਂ , ਮਜ਼ਦੂਰ ਹਾਂ...!"

# ਧਰਤੀ ਦਾ ਰੱਬ



ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ

ਰਤਨ ਮਣੀ ਤੇ ਲਾਲ ਨੇ ਮਾਂ ਪਿਓ,
ਜ਼ਿੰਦਗੀ ਦੇ ਸਭ ਸਾਲ ਨੇ ਮਾਂ ਪਿਓ,
ਦੁੱਖਾਂ ਭੁੱਖਾਂ ਤੋਂ ਢਾਲ ਨੇ ਮਾਂ ਪਿਓ,
ਜੀਵਨ ਵਿੱਚ ਦੁਰਲੱਭ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।

ਲਹੂ ਮਿੱਝ ਤੇ ਮਾਸ ਨੇ ਮਾਂ ਪਿਓ,
ਆਪੇ ਤੋਂ ਵੀ ਖ਼ਾਸ ਨੇ ਮਾਂ ਪਿਓ,
ਹਰ ਪਲ-2 ਤੇ ਸੁਆਸ ਨੇ ਮਾਂ ਪਿਓ,
ਇੱਥੇ ਲਿਆਉਣ ਦਾ ਸਬੱਬ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।

ਗੰਗਾ ਜਮੁਨ ਪ੍ਰਿਆਗ ਨੇ ਮਾਂ ਪਿਓ,
ਮੰਜ਼ਿਲ ਦੇ ਲਈ ਭਾਗ ਨੇ ਮਾਂ ਪਿਓ,
ਬਾਣ ਪ੍ਰਸਤ ਦਾ ਤਿਆਗ ਨੇ ਮਾਂ ਪਿਓ,
ਜ਼ਿੰਦਗੀ ਦਾ ਕਰਤੱਬ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।

ਮਨ ਆਤਮ ਤੇ ਰੂਹ ਨੇ ਮਾਂ ਪਿਓ,
ਸਰੀਰ ਪਿੰਡ ਦੀ ਜੂਹ ਨੇ ਮਾਂ ਪਿਓ,
ਹਰ ਇੱਕ ਸ਼ਬਦ ਦੀ ਸੂਹ ਨੇ ਮਾਂ ਪਿਓ,
ਬਸ ਸਮਝ ਲਈ ਸਰਬੱਗ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।

ਖ਼ੁਸ਼ੀ ਗਮੀ ਹਰ ਚਾਹ ਨੇ ਮਾਂ ਪਿਓ,
ਰੱਬ ਵੱਲ ਸਿੱਧਾ ਰਾਹ ਨੇ ਮਾਂ ਪਿਓ,
ਭਰੇ ਭੰਡਾਰ ਦੇ ਸ਼ਾਹ ਨੇ ਮਾਂ ਪਿਓ,
ਮੰਜ਼ਿਲ ਦਾ ਹਰ ਪੱਬ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।

ਗ਼ਰੂਰ ਜਨੂੰਨ ਤੇ ਬਲ ਨੇ ਮਾਂ ਪਿਓ,
ਬੀਤਿਆ ਅੱਜ ਤੇ ਕੱਲ ਨੇ ਮਾਂ ਪਿਓ,
ਹਰ ਇੱਕ ਗੱਲ ਦਾ ਹੱਲ ਨੇ ਮਾਂ ਪਿਓ,
ਦੇਵੀ ਦੇਵ ਦੇ ਸੱਭ ਨੇ ਮਾਂ ਪਿਓ,
ਧਰਤੀ ਉੱਤੇ ਰੱਬ ਨੇ ਮਾਂ ਪਿਓ।।